ਫਾਊਂਡਰ ਸਵ. ਸ. ਅਮਰ ਸਿੰਘ ਦੁਸਾਂਝ
ਫਾਊਂਡਰ ਐਡੀਟਰ ਸਵ.ਗਿਆਨੀ ਸ਼ਾਦੀ ਸਿੰਘ
ਫਾਊਂਡਰ ਚੇਅਰਮੈਨ ਸਵ. ਸ. ਰਾਮ ਸਿੰਘ ਰਈਸ

ਮੁੱਖ ਸੰਪਾਦਕ:
ਬੀਰ ਪਾਲ ਸਿੰਘ

ਪੋਸਟਲ ਰਜਿ: ਨੰ: PB/JL-124/2024-26
RNI Regd No. 23/1979

ਪੰਜਾਬੀਆਂ ਦਾ ਤਰਜਮਾਨ

ਅਕਾਲੀ ਪੱਤ੍ਰਿਕਾ

ਸਥਾਪਿਤ 1920

Akali Patrika, Jalandhar

ਜਲੰਧਰ

www.akalipatrika.in www.facebook.com/akalipatrika1920 E-mail: akalipatrika@gmail.com

ਜਲੰਧਰ, ਐਤਵਾਰ, 21 ਜਨਵਰੀ 2024, (ਨਾਨਕਸ਼ਾਹੀ ਸੰਮਤ 8 ਮਾਘ 555), ਮੁੱਲ-2.00 ਰੁਪਏ, ਅੰਕ-279 ਪੰਨੇ-8 ਫ਼ੋਨ (ਦਫਤਰ) 0181- 5008586, 4626580, 5085694, Fax: 2284694

ਅੱਜ ਦਾ ਵਿਚਾਰ

ਜ਼ਿੰਦਗੀ ਦੀ ਹਰ ਸਵੇਰ ਕੁੱਝ ਸ਼ਰਤ ਲੈ ਕੇ ਆਉਂਦੀ ਹੈ ਤੇ ਜ਼ਿੰਦਗੀ ਦੀ ਹਰ ਸ਼ਾਮ ਕੁੱਝ ਤਜਰਬੇ ਦੇ ਕੇ ਜਾਂਦੀ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਵਲੋਂ ਧਰਨੇ

ਚੰਡੀਗੜ੍ਹ, 20 ਜਨਵਰੀ (ਰਾਜ ਕੁਮਾਰ ਵਰਮਾ)-ਪੰਜਾਬ ਚ 7 ਜ਼ਿਲ੍ਹਿਆਂ ਦੇ 13 ਟੋਲ ਪਲਾਜ਼ਿਆਂ ਤੇ 3 ਘੰਟੇ ਮੁਫ਼ਤ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਕੌਮੀ ਇਨਸਾਫ਼ ਮੋਰਚਾ ਅਤੇ ਕਿਸਾਨ ਜਥੇਬੰਦੀਆਂ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਇੱਥੇ ਪ੍ਰਦਰਸ਼ਨ ਕਰ ਰਹੀਆਂ ਹਨ। ਇਸ ਐਲਾਨ ਮਗਰੋਂ ਕੌਮੀ ਇਨਸਾਫ ਮੋਰਚੇ ਵੱਲੋਂ ਕਈ ਟੋਲ ਪਲਾਜੇ ਫ?ਰੀ ਕਰ ਦਿੱਤੇ ਹਨ। ਇਹ ਟੋਲ ਪਲਾਜ਼ਾ ਦੁਪਹਿਰ 2 ਵਜੇ ਤੱਕ ਮੁਫਤ ਰਹਿਣਗੇ। ਪ੍ਰਦਰਸ਼ਨ ਨੂੰ ਦੇਖਦੇ ਹੋਏ ਟੋਲ ਬੂਥਾਂ 'ਤੇ ਤੈਨਾਤ ਸਾਰੇ ਕਰਮਚਾਰੀ ਉਥੋਂ ਚਲੇ ਗਏ ਹਨ। ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਦਾ ਕਹਿਣਾ ਹੈ ਕਿ ਪਿਛਲੇ ਇੱਕ ਸਾਲ ਤੋਂ ਉਨ੍ਹਾਂ ਵੱਲੋਂ ਪੰਜਾਬ-ਚੰਡੀਗੜ੍ਹ ਸਰਹੱਦ 'ਤੇ ਧਰਨੇ ਦਿੱਤੇ ਜਾ ਰਹੇ ਹਨ। 6 ਜਨਵਰੀ ਨੂੰ ਪੂਰਾ ਸਾਲ ਬੀਤ ਗਿਆ। ਪਰ ਨਾ ਤਾਂ ਕੇਂਦਰ ਅਤੇ ਨਾ ਹੀ ਸੂਬਾ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੋਈ ਢੁੱਕਵਾਂ ਕਦਮ ਚੁੱਕਿਆ ਹੈ। ਇਸ ਦੇ ਨਾਲ ਹੀ ਕਿਸਾਨ ਜਥੇਬੰਦੀਆਂ ਇਨਸਾਫ ਮੋਰਚੇ ਦੇ ਸੱਦੇ ਦੇ ਸਮਰਥਨ ਵਿੱਚ ਆ ਗਈਆਂ ਹਨ। ਕੌਮੀ ਇਨਸਾਫ ਮੋਰਚਾ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਅੰਦੋਲਨ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਮੋਰਚਾ ਨੇ ਐਲਾਨ ਕੀਤਾ ਹੈ ਕਿ ਸ਼ਨੀਵਾਰ ਨੂੰ ਮੋਰਚਾ ਵਰਕਰ ਰੋਸ ਵਜੋਂ ਪੰਜਾਬ ਭਰ ਦੇ ਹਰ ਟੋਲ ਪਲਾਜ਼ਾ ਨੂੰ ਤਿੰਨ ਘੰਟੇ ਲਈ ਮੁਫ਼ਤ ਕਰ ਦੇਣਗੇ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਵੀ ਬੰਦੀ ਸਿੱਖਾਂ ਦੀ ਰਿਹਾਈ ਦੇ ਮੁੱਦੇ ਨੂੰ ਲੈ ਕੇ ਵੱਖਰੀ ਮੀਟਿੰਗ ਬੁਲਾਈ ਹੈ। ਕੌਮੀ ਇਨਸਾਫ ਮੋਰਚਾ ਨੇ ਪੰਜਾਬ ਦੇ 13 ਟੋਲ ਪਲਾਜਿਆਂ ਨੂੰ 11 ਤੋਂ ਲੈ ਕੇ 3 ਵਜੇ ਤੱਕ ਬੰਦ ਕਰ ਦਿੱਤਾ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਹੁਕਮਾਂ 'ਤੇ ਸੱਦੀ ਗਈ ਹੈ। ਮੀਟਿੰਗ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਲਈ ਅੰਦੋਲਨ ਕਰਨ ਅਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਕੀਤੀ ਰਹਿਮ ਦੀ ਅਪੀਲ ਸਬੰਧੀ ਫੈਸਲਾ ਲਿਆ ਜਾਵੇਗਾ। ਕੌਮੀ ਇਨਸਾਫ਼ ਮੋਰਚਾ ਪਿਛਲੇ ਇੱਕ ਸਾਲ ਤੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਪ੍ਰਦਰਸ਼ਨ ਕਰ ਰਿਹਾ ਹੈ। ਇਹ ਅੰਦੋਲਨ ਪਿਛਲੇ ਸਾਲ 6 ਜਨਵਰੀ ਨੂੰ ਸ਼ੁਰੂ ਕੀਤਾ ਗਿਆ ਸੀ। ਸਿੱਖਾਂ ਦੀ ਰਿਹਾਈ ਲਈ ਸਰਕਾਰੀ ਨੁਮਾਇੰਦਿਆਂ ਨਾਲ ਕਈ ਵਾਰ ਗੱਲਬਾਤ ਹੋਈ। ਪਰ ਅੱਜ ਤੱਕ ਕੋਈ ਹੱਲ ਨਹੀਂ ਨਿਕਲਿਆ। ਮਾਲਵਾ ਅਤੇ ਦੁਆਬਾ ਖੇਤਰ ਵਿੱਚ ਕੌਮੀ ਇਨਸਾਫ਼ ਮੋਰਚਾ ਦਾ ਵਧੇਰੇ ਪ੍ਰਭਾਵ ਹੈ।

» ਟੋਲ ਪਲਾਜ਼ੇ ਕੀਤੇ ਬੰਦ

ਚੰਡੀਗੜ੍ਹ ਤੇ ਹਰਿਆਣਾ 'ਚ ਸੋਮਵਾਰ ਛੁੱਟੀ ਦਾ ਐਲਾਨ

ਚੰਡੀਗੜ੍ਹ, 20 ਜਨਵਰੀ (ਪ. ਪ.)-ਭਗਵਾਨ ਸ਼?ਰੀ ਰਾਮ ਮੰਦਰ ਦੇ ਉਦਘਾਟਨ ਨੂੰ ਲੈ ਕੇ ਰਾਮ ਭਗਤਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ 22 ਜਨਵਰੀ ਨੂੰ ਛੁੱਟੀ ਦਾ ਐਲਾਨ ਕੀਤਾ ਜਾ ਰਿਹਾ ਹੈ। ਇਸ ਨੂੰ ਦੇਖਦਿਆਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਹਰਿਆਣਾ ਸਰਕਾਰ ਵੱਲੋਂ ਵੀ 22 ਜਨਵਰੀ ਨੂੰ ਰਾਮ ਮੰਦਰ ਦੇ ਉਦਘਾਟਨ ਦੇ ਮੱਦੇਨਜ਼ਰ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਹਾਲਾਂਕਿ ਹਰਿਆਣਾ ਸਰਕਾਰ ਵੱਲੋਂ ਇਹ ਛੁੱਟੀ ਅੱਧੇ ਦਿਨ ਲਈ ਕੀਤੀ ਗਈ ਹੈ, ਜਦਕਿ ਚੰਡੀਗੜ੍ਹ ਵਿੱਚ ਪੂਰਾ ਦਿਨ ਛੁੱਟੀ ਰਹੇਗੀ। ਹਰਿਆਣਾ ਸਰਕਾਰ ਦੇ ਹੁਕਮਾਂ ਅਨੁਸਾਰ 22 ਜਨਵਰੀ ਨੂੰ ਹਰਿਆਣਾ ਵਿੱਚ ਅੱਧਾ ਦਿਨ (ਦੁਪਹਿਰ 2:30 ਵਜੇ ਤੱਕ) ਰਹੇਗਾ। ਇਸ ਦੌਰਾਨ ਸਾਰੇ ਸਰਕਾਰੀ ਦਫ਼ਤਰਾਂ, ਸਕੂਲਾਂ, ਕਾਲਜਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਯੂਨੀਵਰਸਿਟੀਆਂ

ਭਾਜਪਾ 'ਚ ਸ਼ਾਮਲ ਹੋਏ ਅਸ਼ੋਕ ਤੰਵਰ, ਇਕ ਦਿਨ ਪਹਿਲਾਂ "ਆਪ" ਤੋਂ ਦਿੱਤਾ ਸੀ ਅਸਤੀਫ਼ਾ

ਨਵੀਂ ਦਿੱਲੀ, 20 ਆਈ.)-ਅਸ਼ੋਕ ਤੰਵਰ ਸ਼ਾਮਲ ਹੋ ਗਏ ਹਨ। ਪਹਿਲਾਂ "ਆਪ" ਤੋਂ ਸੀ. ਐਮ. ਮਨੋਹਰ ਵਿਖੇ ਉਨ੍ਹਾਂ ਨੂੰ ਭਾਜਪਾ ਹੈ। ਜ਼ਿਕਰਯੋਗ ਹੈ ਕਿ ਆਦਮੀ ਪਾਰਟੀ ਦੇ ਤੰਵਰ ਨੇ ਪਾਰਟੀ ਦੀ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਨੇ ਪਾਰਟੀ ਦੇ ਕਾਂਗਰਸ ਨਾਲ ਗੱਠਜੋੜ ਦਾ ਵਿਰੋਧ ਕੀਤਾ ਸੀ। ਪਾਰਟੀ ਪ੍ਰਧਾਨ ਨੂੰ ਭੇਜੇ ਅਸਤੀਫ਼ੇ 'ਚ ਉਨ੍ਹਾਂ ਕਿਹਾ (ਬਾਕੀ ਸਫ਼ਾ 2 'ਤੇ)

ਜਨਵਰੀ (ਯੂ. ਐਨ. ਅੱਜ ਭਾਜਪਾ ਵਿਚ ਉਨ੍ਹਾਂ ਨੇ ਇਕ ਦਿਨ ਅਸਤੀਫ਼ਾ ਦਿੱਤਾ ਸੀ, ਲਾਲ ਖੱਟੜ ਨੇ ਦਿੱਲੀ 'ਚ ਸ਼ਾਮਲ ਕਰਵਾਇਆ ਹਰਿਆਣਾ 'ਚ ਆਮ ਸੀਨੀਅਰ ਆਗੂ ਅਸ਼ੋਕ ਮੁੱਢਲੀ ਮੈਂਬਰਸ਼ਿਪ ਤੋਂ

ਖਾਲਿਸਤਾਨੀ ਪੰਨੂ ਦੀ ਧਮਕੀ ਤੋਂ ਬਾਅਦ ਐਕਸ਼ਨ 'ਚ ਪੰਜਾਬ ਸਰਕਾਰ, ਪ੍ਰਾਣ ਪ੍ਰਤਿਸ਼ਠਾ ਨੂੰ ਲੈ ਕੇ ਸੁਰੱਖਿਆ ਪ੍ਰਬੰਧ ਪੁਖ਼ਤਾ

ਚੰਡੀਗੜ੍ਹ, 20 ਜਨਵਰੀ (ਪ. ਪ.)-ਰਾਜ ਦੀ ਪੁਲਿਸ ਨੇ ਰਾਮ ਮੰਦਰ ਦੀ ਪਵਿੱਤਰਤਾ ਨੂੰ ਲੈ ਕੇ ਸੁਰੱਖਿਆ ਪ੍ਰਬੰਧ ਸਖ਼ਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਖਾਲਿਸਤਾਨੀ ਸੰਗਠਨ ਸਿੱਖ ਫਾਰ ਜਸਟਿਸ ਵੱਲੋਂ ਯੂਪੀ ਅਤੇ ਬਨੂੜ 'ਚ ਆਪਣੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਸਾਰੇ ਸੀਪੀਜ਼ ਤੇ ਐਸਐਸਪੀਜ਼ ਨੂੰ ਮੰਦਰਾਂ ਦੇ ਨਾਲ-ਨਾਲ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਹੋਣ ਵਾਲੇ ਧਾਰਮਿਕ ਪ੍ਰੋਗਰਾਮਾਂ 'ਚ ਸੁਰੱਖਿਆ ਸਖ਼ਤ ਰੱਖਣ ਲਈ ਕਿਹਾ ਗਿਆ ਹੈ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਵਿਸ਼ੇਸ਼ ਸੁਰੱਖਿਆ ਅਭਿਆਨ ਵੀ ਚਲਾਇਆ ਜਾਵੇਗਾ। ਚੇਤੇ ਰਹੇ ਕਿ ਸਿੱਖ ਫਾਰ ਜਸਟਿਸ ਮੁਖੀ ਤੇ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਅਯੋਧਿਆ ਤਕ ਦੇ ਸਾਰੇ ਹਵਾਈ ਅੱਡਿਆਂ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਸੀ। ਰਾਮ ਮੰਦਰ ਦਾ ਵਿਰੋਧ ਕਰਦੇ ਹੋਏ ਇਕ ਭਾਈਚਾਰੇ ਦੇ ਲੋਕਾਂ ਨੂੰ ਉਰਦਿਸਤਾਨ ਦੀ ਮੰਗ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਵੀ ਪੰਨੂ ਨੇ ਸੰਸਦ 'ਤੇ ਹਮਲੇ ਦੀ ਧਮਕੀ ਦਿੱਤੀ ਸੀ। ਉਸ ਨੇ ਏਅਰ ਇੰਡੀਆ ਦੀਆਂ ਉਡਾਣਾਂ ਨੂੰ ਰੋਕਣ ਦੀ ਧਮਕੀ ਵੀ ਦਿੱਤੀ ਹੈ। ਅੱਤਵਾਦੀ ਗਤੀਵਿਧੀਆਂ 'ਚ ਸ਼ਾਮਲ ਹੋਣ ਅਤੇ ਵਾਰ-ਵਾਰ ਭਾਰਤ ਨੂੰ ਵੰਡਣ ਦੀ ਗੱਲ ਕਰਨ ਕਾਰਨ ਪੰਨੂ ਦਾ ਨਾਂ ਪਿਛਲੇ ਸਾਲ ਦੂਜੀ ਵਾਰ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਨਾਲ ਜੋੜਿਆ ਗਿਆ ਸੀ। ਗ੍ਰਹਿ ਮੰਤਰਾਲੇ ਨੇ 2019 'ਚ ਸਿੱਖ ਫਾਰ ਜਸਟਿਸ 'ਤੇ ਪਾਬੰਦੀ ਲਗਾ ਦਿੱਤੀ ਸੀ। ਇਕ ਸਾਲ ਬਾਅਦ 2020 'ਚ ਪੰਨੂ ਨੂੰ ਯੂਏਪੀਏ ਤਹਿਤ ਅੱਤਵਾਦੀ ਐਲਾਨ ਦਿੱਤਾ ਗਿਆ ਸੀ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਨੂੜ ਤੋਂ ਫੜੇ ਗਏ ਗਿਰੋਹ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁੱਛਗਿੱਛ ਦੌਰਾਨ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਨਿਸ਼ਾਨਾ ਕੌਣ ਸੀ ਤੇ ਉਨ੍ਹਾਂ ਨੂੰ ਕਿਹੜਾ ਕੰਮ ਦਿੱਤਾ ਗਿਆ ਸੀ। ਡੀਜੀਪੀ ਦਫ਼ਤਰ ਨੂੰ ਸਾਰੇ ਜ਼ਿਲ੍ਹਿਆਂ 'ਚ ਵਿਸ਼ੇਸ਼ ਸੁਰੱਖਿਆ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ। ਇਸ ਦੇ ਲਈ ਮਾਰਕੀਟ ਐਸੋਸੀਏਸ਼ਨਾਂ ਤੇ ਮੰਦਰ ਕਮੇਟੀਆਂ ਨਾਲ ਤਾਲਮੇਲ ਕਰਨ ਲਈ ਕਿਹਾ ਗਿਆ ਹੈ।

ਹਰਿਆਣਾ ਵਿਗਿਆਨ ਤੇ ਤਕਨਾਲੋਜੀ ਦੀ ਸਿਖਿਆ ਨੂੰ ਪ੍ਰੋਤਸਾਹਿਤ ਕਰਨ ਲਈ ਵਚਨਬੱਧ-ਖੱਟਰ

ਚੰਡੀਗੜ੍ਹ, 20 ਜਨਵਰੀ (ਪ. ਪ.) - ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਵਿਗਿਆਨ ਤੇ ਤਕਨਾਲੋਜੀ ਦੀ ਸਿਖਿਆ ਨੂੰ ਪ੍ਰੋਤਸਾਹਿਤ ਦੇਣ ਲਈ ਵਚਨਬੱਧ ਹੈ ਨਵੇਂ ਵਿਗਿਆਨਕ ਸੋਧ ਨਵਾਚਾਰ ਨੂੰ ਪ੍ਰੋਤਸਾਹਿਤ ਦੇਣ ਲਈ ਹਰਿਆਣਾ ਸਰਕਾਰ ਫਰੀਦਾਬਾਦ ਜਾਂ ਗੁਰੂਗ੍ਰਾਮ ਜਿਲ੍ਹਿਆਂ ਵਿਚੋਂ ਇਕ ਵਿਚ 50 ਏਕੜ ਵਿਚ ਸਾਇੰਸ ਸਿਟੀ ਦੀ ਸਥਾਪਨਾ ਕਰੇਗੀ ਇਸ ਲਈ ਜਮੀਨ ਦੀ ਭਾਲ ਕੀਤੀ ਜਾ ਰਹੀ ਹੈ ਮੁੱਖ ਮੰਤਰੀ ਮਨੋਹਰ ਲਾਲ ਅੱਜ ਥਿਸਟੀ ਬਾਇਓਟੈਕ ਸੰਸਥਾਨ ਦੇ 9ਵੇਂ ਭਾਰਤ ਕੌਮਾਂਤਰੀ ਵਿਗਿਆਨ ਸੰਮੇਨਲ ਦੇ ਸਮਾਪਨ ਮੌਕੇ 'ਤੇ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੁੰਦੇ ਹੋਏ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਅੱਜ ਇਸ 8ਵੇਂ ਵਿਗਿਆਨ ਸੰਮੇਲਨ ਦੀ ਮੇਜ਼ਬਾਨੀ ਕਰਨ ਦਾ ਮੌਕਾ ਹਰਿਆਣਾ ਨੂੰ ਮਿਲਿਆ ਹੈ ਪ੍ਰੋਗ੍ਰਾਮ ਦੇ ਸਫਲ ਆਯੋਜਨ ਲਈ ਵਧਾਈ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਵਿਗਿਆਨ ਸੰਮੇਲਨ ਵਿਚ ਵਿਦਿਆਰਥੀ, ਅਧਿਆਪਕ, ਸੋਧਕਰਤਾ, ਵਿਗਿਆਨੀ, ਉਦਮੀ, ਸਿਖਿਆ ਮਾਹਿਰ, ਸਟਾਟਅਪ ਅਤੇ ਕੌਮਾਂਤਰੀ ਨੁਮਾਇੰਦੇ ਨੇ ਹਿੱਸੇਦਾਰੀ ਕੀਤੀ।

ਮੋਟਰਸਾਇਕਲ ਸਵਾਰ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਪੈਟਰੋਲ ਪੰਪ ਤੋਂ 1ਲੱਖ 76 ਹਜ਼ਾਰ ਦੀ ਨਕਦੀ ਲੁੱਟੀ

ਨਕੋਦਰ 20 ਜਨਵਰੀ (ਅਨਿਲ ਐਰੀ/ ਅਰਵਿੰਦਰ ਸਿੰਘ)-ਜਲੰਧਰ ਮੋਗਾ ਹਾਈ ਵੇ ਤੇ ਨਕੋਦਰ ਦੇ ਪਿੰਡ ਕੰਗ ਸਾਹਿਬੁ ਨੇੜੇ ਮੋਟਰਸਾਇਕਲ ਸਵਾਰ ਤਿੰਨ ਅਣਪਛਾਤੇ ਲੁਟੇਰਿਆਂ ਨੇ ਰਿਵਾਲਵਰਾਂ ਦੀ ਨੋਕ ਤੇ ਇੰਦਰਜੀਤ ਹਾਈਵੇਅ ਪੈਟਰੋਲ ਪੰਪ ਕੰਗ ਸਾਹਬੂ ਤੇ ਲੁੱਟ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ ਜਿਨ੍ਹਾਂ ਨੇ ਮੂੰਹ ਬਣੇ ਹੋਏ ਸਨ ਅਤੇ 1.76 ਲੱਖ ਰੁਪਏ ਪੰਪ ਦੇ ਮਾਲਕ ਕੋਲੋਂ ਖੋ ਕੇ ਫਰਾਰ ਹੋ ਗਏ ਇਸੇ ਤਰਾਂ ਦੀ ਲੁੱਟ ਦੀ ਘਟਨਾ ਨੂੰ ਪਿੰਡ ਕੁਲਾਰ ਨੇੜੇ ਇੰਡੀਅਨ ਆਇਲ ਕੇ ਐਸ ਕੇ ਪੈਟਰੋਲ ਪੰਪ ਤੇ ਅੰਜਾਮ ਦਿੱਤਾ ਥਾਣਾ ਸਦਰ ਨਕੋਦਰ ਪੁਲਸ ਨੇ ਅਣਪਛਾਤੇ ਲੁਟੇਰਿਆਂ ਖਿਲਾਫ ਮੁਕਦਮਾ ਦਰਜ ਕਰ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਇੰਦਰਜੀਤ ਹਾਈਵੇਅ ਪੈਟਰੋਲ ਪੰਪ ਕੰਗ ਸਾਹਬੂ ਦੇ ਮਾਲਿਕ ਸੁਜੀਤ ਗੁਪਤਾ ਪੁੱਤਰ ਲੇਟ ਇੰਦਰਜੀਤ ਗੁਪਤਾ ਵਾਸੀ ਮਕਾਨ ਨੰਬਰ 139 ਨਿਊ 7." .2 ਨਗਰ ਥਾਣਾ ਡਵੀਜਨ ਨੰਬਰ 7 ਜਿਲਾ ਜਲੰਧਰ ਨੇ ਥਾਣਾ ਸਦਰ ਨਕੋਦਰ ਪੁਲਿਸ ਨੂੰ ਬਿਆਨ ਦਰਜ ਕਰਵਾਇਆ ਕਿ ਸ਼ੁਕਰਵਾਰ ਸ਼ਾਮ 7:25 ਵਜੇ ਉਹ ਅਤੇ ਉਸਦਾ ਲੜਕਾ ਸ਼ਿਵਮ ਅਤੇ ਉਨ੍ਹਾਂ ਦੇ ਪੰਪ ਦਾ ਵਰਕਰ ਅਮਨ ਵਾਸੀ ਕੰਗ ਸਾਹਬੂ ਆਫਿਸ ਵਿਚ ਹਾਜਰ ਸੀ ਕਿ ਤਿੰਨ ਨਾ ਮਲੂਮ ਵਿਅਕਤੀ ਮੋਟਰਸਾਈਕਲ ਪਰ ਸਵਾਰ ਹੋ ਕੇ ਆਏ ਜਿਨਾ ਨੇ ਮੂੰਹ ਬੰਨੇ ਹੋਏ ਸੀ ਜਿਨਾ ਵਿਚੋ ਦੋ ਵਿਅਕਤੀਆ ਪਾਸ ਦੇਸ਼ੀ ਰਿਵਾਲਵਰ ਅਤੇ ਇੱਕ ਵਿਅਕਤੀ ਪਾਸ ਦਾਤਰ ਸੀ ਜਿਨਾ ਨੇ ਸਾਡੇ ਪੰਪ ਦੇ ਦਫਤਰ ਵਿਚ ਵੜ ਕੇ ਸਾਨੂੰ ਰਿਵਾਲਵਰ ਨਾਲ ਡਰਾ ਧਮਕਾ ਕੇ ਉਸ ਕੋਲੋ 176000/- ਰੁਪਏ ਖੋਹ ਲਏ ਅਤੇ ਜਲੰਧਰ ਸਾਇਡ (ਬਾਕੀ ਸਫ਼ਾ 2 'ਤੇ)

ਕਾਂਗਰਸੀ ਐਮ. ਪੀ. ਰਵਨੀਤ ਬਿੱਟੂ ਦੇ ਗੰਨਮੈਨ ਨੂੰ ਵੱਜੀ ਗੋਲੀ; ਹੋਈ ਮੌਤ

ਲੁਧਿਆਣਾ, 20 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ, ਅਮਰੀਕ ਸਿੰਘ ਪ੍ਰਿੰਸ)-ਲੁਧਿਆਣਾ ਤੋਂ ਕਾਂਗਰਸੀ ਐਮਪੀ ਰਵਨੀਤ ਸਿੰਘ ਬਿੱਟੂ ਦੇ ਗੰਨਮੈਨ ਦੀ ਸ਼ੱਕੀ ਹਾਲਤ 'ਚ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਗੰਨਮੈਨ ਦੀ ਖੁਦ ਦੀ ਪਿਸਤੌਲ ਤੋਂ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਫਿਲਹਾਲ ਇਸ ਵਾਰਦਾਤ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ ਹੈ। ਮਿਲੀ ਜਾਣਕਾਰੀ ਮੁਤਾਬਿਕ ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਐਮਪੀ ਰਵਨੀਤ ਬਿੱਟੂ ਕੋਠੀ 'ਚ ਹੀ ਸੀ। ਮ੍ਰਿਤਕ ਗੰਨਮੈਨ ਰਵਨੀਤ ਬਿੱਟੂ ਦੀ ਰਿਹਾਇਸ਼ ਵਿਖੇ ਤੈਨਾਤ ਸੀ। ਤਕ ਫੌਜੀ ਦੀ ਪਛਾਣ ਸੰਦੀਪ ਕੁਮਾਰ (32) ਵਾਸੀ ਮੁਜ਼ੱਫਰਨਗਰ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਗੋਲੀ ਦੀ ਆਵਾਜ਼ ਨਾਲ ਪੂਰਾ ਇਲਾਕਾ ਦਹਿਲ ਗਿਆ। ਉੱਥੇ ਹੀ ਤੈਨਾਤ ਉਸ ਦਾ ਸਾਥੀ ਜਦੋਂ ਉਸ ਦੇ ਕਮਰੇ ਦੇ ਨੇੜੇ ਪਹੁੰਚਿਆ ਤਾਂ ਸੰਦੀਪ ਖ਼ੂਨ ਨਾਲ (ਬਾਕੀ ਸਫ਼ਾ 2 'ਤੇ)

ਇਜ਼ਰਾਈਲ-ਹਮਾਸ ਜੰਗ ਦਾ ਸ਼ਿਕਾਰ ਹੋ ਰਹੇ ਹਨ ਮਾਸੂਮ ਬੱਚੇ ਤੇ ਔਰਤਾਂ, ਹਰ ਘੰਟੇ 2 ਮਾਵਾਂ ਗੁਆ ਰਹੀਆਂ ਹਨ ਜਾਨਾਂ

ਸੰਯੁਕਤ ਰਾਸ਼ਟਰ, 20 ਜਨਵਰੀ (ਯੂ. ਐਨ. ਆਈ.)-7 ਅਕਤੂਬਰ ਤੋਂ ਸ਼ੁਰੂ ਹੋਈ ਇਜ਼ਰਾਈਲ-ਗਾਜ਼ਾ ਜੰਗ ਰੁਕਣ ਦਾ ਕੋਈ ਸੰਕੇਤ ਨਹੀਂ ਦੇ ਰਹੀ ਹੈ। ਇਸ ਖ਼ੂਨੀ ਸੰਘਰਸ਼ ਦਾ ਸਭ ਤੋਂ ਵੱਧ ਸ਼ਿਕਾਰ ਔਰਤਾਂ ਅਤੇ ਬੱਚੇ ਹੋਏ ਹਨ। ਇ

ਸਫ਼ਾ 1 ਦੇ ਬਕੀਏ

ਦਿਨ ਦਿਹਾੜੇ 25 ਲੱਖ.....

ਅਮਲੋਹ ਹਰਪਿੰਦਰ ਕੌਰ, ਉਪ ਪੁਲੀਸ ਕਪਤਾਨ ਬਸੀ ਪਠਾਨਾ ਮੋਹਿਤ ਸਿੰਗਲਾ ਦੀ ਅੱਗਵਾਈ ਹੇਠ ਸੀ.ਆਈ.ਏ.ਸਰਹਿੰਦ ਦੇ ਇੰਚਾਰਜ਼ ਇੰਸ.ਅਮਰਵੀਰ ਸਿੰਘ, ਥਾਣਾ ਮੰਡੀ ਗੋਬਿੰਦਗੜ੍ਹ ਦੇ ਮੁੱਖੀ ਅਕਾਸ਼ ਦੱਤ, ਥਾਣਾ ਖਮਾਣੋਂ ਦੇ ਮੁੱਖੀ ਨਰਪਿੰਦਰਪਾਲ ਸਿੰਘ ਅਤੇ ਥਾਣਾ ਮੂਲੇਪੁਰ ਦੇ ਮੁੱਖ ਅਫ਼ਸਰ ਗੁਰਦੀਪ ਸਿੰਘ ਦੀ ਅੱਗਵਾਈ ਹੇਠ 2 ਟੀਮਾਂ ਦਾ ਗਠਨ ਕੀਤਾ ਗਿਆ। ਉਨ੍ਹਾਂ ਦਸਿਆ ਕਿ ਤਫ਼ਤੀਸ ਦੌਰਾਨ ਸਾਹਮਣੇ ਆਇਆ ਕਿ ਵਿਸ਼ਾਲ ਮੜ੍ਹਕਨ ਪੁੱਤਰ ਮਦਨ ਲਾਲ ਵਾਸੀ ਮੁਹੱਲਾ ਗਿੱਲਝੀਆਂ, ਬਸੀ ਪਠਾਣਾਂ (34) ਨੂੰ ਗ੍ਰਿਫਤਾਰ ਕੀਤਾ ਜਿਸ ਦੀ ਪੁਛਗਿਛ ਤੋਂ ਤੁਸਾਰ ਪੁੱਤਰ ਕਾਂਸੀ ਰਾਮ ਵਾਸੀ ਵਾਰਡ ਨੰਬਰ 12 ਬਸੀ ਪਠਾਣਾਂ, ਗੋਰਵ ਧਿਮਾਨ ਪੁੱਤਰ ਜਿੰਮੀ ਵਾਸੀ ਵੱਡਾ ਵਿਹੜਾ ਬਸੀ ਪਠਾਣਾਂ ਅਤੇ ਜਸਵੰਤ ਸਿੰਘ ਉਰਫ ਜੱਸਾ ਪੁੱਤਰ ਸੁਰਿੰਦਰ ਸਿੰਘ ਵਾਸੀ ਸਰਾਫਾ ਬਾਜਾਰ ਬਸੀ ਪਠਾਣਾਂ ਨੂੰ ਨਾਮਜਦ ਕਰਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦਸਿਆ ਕਿ ਕਥਿਤ ਦੋਸ਼ੀ ਜਸਵੰਤ ਸਿੰਘ ਉਰਫ਼ ਜੱਸਾ ਪਾਸੋਂ ਪੈਸਿਆਂ ਦੀ ਬਰਾਮਦਗੀ ਕਰਵਾਉਂਣਲਈ ਦੋਸੀ ਜਗਾਂ ਆਈ.ਟੀ.ਆਈ. ਬਸੀ ਪਠਾਨਾ ਨਜਦੀਕ ਡੱਬੀ ਫ਼ੈਕਟਰੀ ਵਿਚ ਪੂਜੇ ਤਾਂ ਉਥੇ ਖੜ੍ਹੀ ਬਲੈਰੋ ਗੱਡੀ ਦੀ ਡਿੱਘੀ ਵਿਚੋ ਜਸਵੰਤ ਸਿੰਘ ਨੇ ਪੈਸਿਆਂ ਵਾਲਾ ਬੈਗ ਕੱਢਣ ਸਮੇਂ ਡਿੱਘੀ ਵਿੱਚ ਪਏ ਪਿਸਤੌਲ ਨਾਲ ਪੁਲਿਸ 'ਤੇ ਫ਼ਾਇਰ ਕਰ ਦਿਤਾ ਅਤੇ ਜਵਾਬੀ ਫਾਇਰਿੰਗ ਦੌਰਾਨ ਇਕ ਫ਼ਾਇਰ ਉਸ ਦੀ ਲੱਤ ਵਿਚ ਲੱਗਣ ਕਾਰਣ ਉਹ ਜਖਮੀ ਹੋ ਗਿਆ। ਉਨ੍ਹਾਂ ਦਸਿਆ ਕਿ ਭਗਦੜ ਦੌਰਾਨ ਇੱਕ ਮੁਲਾਜਮ ਵੀ ਜਖਮੀ ਹੋ ਗਿਆ। ਉਨ੍ਹਾਂ ਦਸਿਆ ਕਿ ਜਸਵੰਤ ਸਿੰਘ ਖਿਲਾਫ ਥਾਣਾ ਬਸੀ ਪਠਾਨਾ ਵਿਚ ਅੱਜ ਮੁਕਦਮਾ ਨੰਬਰ 4 ਧਾਰਾ 307,186,353 ਹਿੰ:ਦੰ: ਅਤੇ 25 ਅਸਲਾ ਐਕਟ ਅਧੀਨ ਦਰਜ ਕਰਕੇ ਉਸ ਪਾਸੋਂ ਇੱਕ ਪਿਸਤੌਲ ਦੋਸੀ ਕੱਟਾ 315 ਬੋਰ, ਜਿਸਦੇ ਚੈਂਬਰ ਵਿੱਚ ਫਾਇਰ ਕੀਤੇ ਰੋਂਦ ਦਾ ਖੋਲ ਫਸਿਆ ਹੋਇਆ ਹੈ ਬ੍ਰਾਮਦ ਕੀਤਾ ਗਿਆ ਅਤੇ ਬਲੈਰੋ ਗੱਡੀ ਦੀ ਡਿੱਘੀ ਵਿੱਚ ਪਏ ਬੈਗ ਵਿੱਚੋਂ 5,94,500/- ਰੁਪਏ ਬ੍ਰਾਮਦ ਕੀਤੇ ਗਏ। ਉਨ੍ਹਾਂ ਦਸਿਆ ਕਿ ਜਸਵੰਤ ਸਿੰਘ ਦੇ ਘਰੋ 10 ਲੱਖ ਰੁਪਏ, ਤੁਸ਼ਾਰ ਪਾਸੋ 1,50,000 ਰੁਪਏ ਅਤੇ ਗੌਰਵ ਧਿਮਾਨ ਪਾਸੋ 1 ਲੱਖ 52 ਹਜ਼ਾਰ ਰੁਪਏ ਬਰਾਮਦ ਕੀਤੇ ਗਏ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਪਿਛੋਕੜ ਕਰੀਮੀਨਲ ਨਹੀਂ। ਉਨ੍ਹਾਂ ਕਿਹਾ ਕਿ ਬਰੂਮਦ ਗੱਡੀਆਂ ਬਾਰੇ ਜਾਂਚ ਜਾਰੀ ਹੈ।

ਕਾਂਗਰਸੀ ਐਮ. ਪੀ. ਰਵਨੀਤ ਬਿੱਟੂ.....

ਲੱਥਪੱਥ ਜ਼ਮੀਨ 'ਤੇ ਪਿਆ ਸੀ। ਸਿਪਾਹੀਆਂ ਨੇ ਤੁਰੰਤ ਇਸ ਬਾਰੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ।

ਮੋਟਰਸਾਈਕਲ ਸਵਾਰ 3 ਨਕਾਬਪੋਸ਼.....

ਵੱਲ ਨੂੰ ਆਪਣੇ ਮੋਟਰਸਾਈਕਲ ਤੇ ਸਵਾਰ ਹੋ ਕੇ ਫਰਾਰ ਹੋ ਗਏ । ਇਸੇ ਤਰ੍ਹਾਂ ਦੀ ਲੁੱਟ ਦੀ ਘਟਨਾ ਇੰਡੀਅਨ ਆਇਲ ਦੇ ਕੇ ਐਸ ਕੇ ਪੈਟਰੋਲ ਪੰਪ ਪਿੰਡ ਕੁਲਾਰ ਤੇ ਹੋਈ ਜਿਥੇ ਲੁਟੇਰੇ ਨਗਦੀ ਖੋ ਕੇ ਫਰਾਰ ਹੋ ਜੋ ਤਕਰੀਬਨ 10-12 ਹਜਾਰ ਦਸੀ ਗਈ ਹੈ ਥਾਣਾ ਨਕੋਦਰ ਸਦਰ ਮੁਖੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆ ਦੀ ਭਾਲ ਕੀਤੀ ਜਾ ਰਹੀ ਹੈ ਹਰ ਪੱਖੋਂ ਜਾਂਚ ਜਾਰੀ ਹੈ ਲੁਟੇਰੇ ਜਲਦ ਕਾਬੂ ਕਰ ਲਏ ਜਾਣਗੇ ਉਨਾਂ ਕਿਹਾ ਕੀ ਅਣਪਛਾਤੇ ਮੁਲਜਮਾਂ ਖਿਲਾਫ ਅਧੀਨ ਧਾਰਾ 379-ਬੀ ,34 ਆਈ ਪੀ ਸੀ ਅਤੇ 25-54-59 ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ

ਭਾਜਪਾ 'ਚ ਸ਼ਾਮਿਲ ਹੋਏ.....

ਕਿ ਮੌਜੂਦਾ ਹਾਲਾਤ ਤੇ ਤੁਹਾਡੀ ਕਾਂਗਰਸ ਨਾਲ ਨੇੜਤਾ ਨੂੰ ਦੇਖਦਿਆਂ ਮੈਂ ਪਾਰਟੀ 'ਚ ਨੈਤਿਕ ਤੌਰ 'ਤੇ ਨਹੀਂ ਰਹਿ ਸਕਦਾ। ਤੰਵਰ, ਹਰਿਆਣਾ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨਾਲ ਟਕਰਾਅ ਕਾਰਨ ਤੰਵਰ ਨੂੰ ਕਾਂਗਰਸ ਛੱਡਣੀ ਪਈ ਸੀ। ਕਾਂਗਰਸ ਛੱਡਣ ਤੋਂ ਬਾਅਦ ਉਹ ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਵਿਚ ਰਹੇ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਭਾਰਤ ਮੋਰਚਾ ਬਣਾਇਆ ਤੇ ਫਿਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਆਮ ਆਦਮੀ ਪਾਰਟੀ ਵਿਚ ਰਹਿੰਦੇ ਹੋਏ ਤੰਵਰ ਨੇ ਹਰਿਆਣਾ ਵਿਚ ਸੰਗਠਨ ਤਿਆਰ ਕੀਤਾ ਪਰ ਉਹ ਪਿਛਲੇ ਕਾਫ਼ੀ ਸਮੇਂ ਤੋਂ 'ਆਪ' ਵਿਚ ਪਰੇਸ਼ਾਨ ਮਹਿਸੂਸ ਕਰ ਰਹੇ ਸਨ।

ਇਜ਼ਰਾਈਲ-ਹਮਾਸ ਜੰਗ.....

ਦੇ ਨਾਲ ਇੱਕ ਬਿਆਨ ਵਿੱਚ ਕਿਹਾ, "ਭਾਵੇਂ ਅਸੀਂ ਅੱਜ ਗਾਜ਼ਾ ਦੀਆਂ ਔਰਤਾਂ ਅਤੇ ਕੁੜੀਆਂ ਦੀ ਸਥਿਤੀ 'ਤੇ ਕਿੰਨਾ ਵੀ ਸੋਗ ਕਰੀਏ, ਅਸੀਂ ਬੇਰੋਕ ਮਾਨਵਤਾਵਾਦੀ ਸਹਾਇਤਾ ਅਤੇ ਤਬਾਹੀ ਅਤੇ ਹੱਤਿਆ ਦੇ ਅੰਤ ਤੋਂ ਬਿਨਾਂ ਕੱਲ੍ਹ ਨੂੰ ਹੋਰ ਸੋਗ ਮਨਾਵਾਂਗੇ।" ਉਨ੍ਹਾਂ ਅੱਗੇ ਕਿਹਾ ਕਿ ਇਹ ਔਰਤਾਂ ਅਤੇ ਲੜਕੀਆਂ ਸੁਰੱਖਿਆ, ਡਾਕਟਰੀ ਦੇਖਭਾਲ, ਸਿਹਤ ਸੰਭਾਲ ਅਤੇ ਆਸਰਾ ਤੋਂ ਵਾਂਝੀਆਂ ਹਨ। ਉਨ੍ਹਾਂ ਨੂੰ ਭੁੱਖਮਰੀ ਅਤੇ ਕਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਉਹ ਉਮੀਦ ਅਤੇ ਨਿਆਂ ਤੋਂ ਵਾਂਝੇ ਹਨ। ਹਮਾਸ ਦੁਆਰਾ ਚਲਾਏ ਜਾ ਰਹੇ ਗਾਜ਼ਾ ਵਿੱਚ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ ਸੰਘਰਸ਼ ਵਿੱਚ ਲਗਭਗ 25,000 ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ 70% ਔਰਤਾਂ ਅਤੇ ਬੱਚੇ ਹਨ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਗਾਜ਼ਾ ਦੀ ਆਬਾਦੀ ਦਾ ਇੱਕ ਚੌਥਾਈ ਹਿੱਸਾ ਭੁੱਖ ਨਾਲ ਮਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਗਾਜ਼ਾ ਵਿੱਚ 100 ਤੋਂ ਵੱਧ ਇਜ਼ਰਾਈਲੀ ਬੰਧਕ ਹਨ। ਏਜੰਸੀ ਨੇ ਕਿਹਾ ਕਿ ਗਾਜ਼ਾ ਵਿੱਚ ਵਧਦੀ ਦੁਸ਼ਮਣੀ ਦੇ ਬਾਵਜੂਦ, ਔਰਤਾਂ ਦੀ ਅਗਵਾਈ ਵਾਲੇ ਅਤੇ ਔਰਤਾਂ ਦੇ ਅਧਿਕਾਰ ਸੰਗਠਨਾਂ ਦਾ ਕੰਮ ਜਾਰੀ ਹੈ। ਇਸ ਨੇ ਪਾਇਆ ਕਿ ਗਾਜ਼ਾ ਪੱਟੀ ਵਿੱਚ ਸਰਵੇਖਣ ਕੀਤੇ ਗਏ 83% ਮਹਿਲਾ ਸੰਗਠਨਾਂ ਘੱਟੋ-ਘੱਟ ਅੰਸ਼ਕ ਤੌਰ 'ਤੇ ਕੰਮ ਕਰ ਰਹੀਆਂ ਹਨ।

ਚੀਨ ਦੇ ਦਬਾਅ ਅੱਗੇ.....

ਦੇ ਮੁਖੀਆਂ ਨੇ ਵੀ ਹਿੱਸਾ ਲਿਆ। ਇਸ ਤੋਂ ਪਹਿਲਾਂ ਵੀਰਵਾਰ ਨੂੰ ਈਰਾਨ ਨੇ ਕਿਹਾ ਸੀ ਕਿ ਉਹ ਗੁਆਂਢੀ ਦੇਸ਼ ਪਾਕਿਸਤਾਨ ਨਾਲ ਚੰਗੇ ਸਬੰਧ ਚਾਹੁੰਦਾ ਹੈ। ਮੰਗਲਵਾਰ ਦੇਰ ਰਾਤ ਪਾਕਿਸਤਾਨੀ ਸਰਹੱਦ 'ਤੇ ਈਰਾਨ ਦੇ ਹਮਲੇ ਅਤੇ ਵੀਰਵਾਰ ਸਵੇਰੇ ਪਾਕਿਸਤਾਨ ਦੀ ਜਵਾਬੀ ਕਾਰਵਾਈ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦੀ ਸਥਿਤੀ ਪੈਦਾ ਹੋ ਗਈ ਸੀ। ਇਨ੍ਹਾਂ ਹਮਲਿਆਂ ਵਿੱਚ ਦੋਵਾਂ ਦੇਸ਼ਾਂ ਵੱਲੋਂ ਬਲੋਚ ਕੱਟੜਪੰਥੀਆਂ ਦੇ ਤਿੰਨ ਸੰਗਠਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਹ ਸੰਗਠਨ ਈਰਾਨ ਦੇ ਸਿਸਤਾਨ ਸੂਬੇ ਅਤੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਨੂੰ ਮਿਲਾ ਕੇ ਇਕ ਆਜ਼ਾਦ ਦੇਸ਼ ਬਣਾਉਣਾ ਚਾਹੁੰਦੇ ਹਨ। ਆਜ਼ਾਦ ਦੇਸ਼ ਲਈ ਖੇਤਰੀ ਲੋਕਾਂ ਦੀ ਮੰਗ ਬਹੁਤ ਪੁਰਾਣੀ ਹੈ। ਪਾਕਿਸਤਾਨ ਦਹਾਕਿਆਂ ਤੋਂ ਤਾਕਤ ਦੀ ਮਦਦ ਨਾਲ ਇਸ ਮੰਗ ਨੂੰ ਦਬਾ ਰਿਹਾ ਹੈ। ਈਰਾਨ ਨੇ ਪਾਕਿਸਤਾਨ ਦੇ ਅੰਦਰ ਜੈਸ਼ ਅਲ-ਅਦਲ ਨਾਮਕ ਸੰਗਠਨ ਦੇ ਲੁਕੇ ਟਿਕਾਣੇ ਨੂੰ ਨਿਸ਼ਾਨਾ ਬਣਾਇਆ ਸੀ। ਜਾਣਕਾਰੀ ਦਿੱਤੀ ਗਈ ਹੈ ਕਿ ਇਸ ਹਮਲੇ ਵਿੱਚ ਦੋ ਲੜਕੀਆਂ ਦੀ ਮੌਤ ਹੋ ਗਈ ਹੈ। ਉਥੇ ਹੀ ਪਾਕਿਸਤਾਨ ਨੇ ਈਰਾਨ ਦੇ ਸਰਹੱਦੀ ਖੇਤਰ 'ਚ ਬਲੋਚਿਸਤਾਨ ਲਿਬਰੇਸ਼ਨ ਫਰੰਟ ਅਤੇ ਬਲੋਚਿਸਤਾਨ ਲਿਬਰੇਸ਼ਨ ਆਰਮੀ ਦੇ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਹਮਲੇ ਵਿੱਚ ਨੌਂ ਲੋਕ ਮਾਰੇ ਗਏ ਸਨ। ਪਾਕਿਸਤਾਨੀ ਕੈਬਨਿਟ ਦੇ ਫੈਸਲੇ ਅਨੁਸਾਰ ਪਾਕਿਸਤਾਨ ਦੇ ਰਾਜਦੂਤ ਨੂੰ ਤਹਿਰਾਨ ਭੇਜਿਆ ਜਾਵੇਗਾ ਅਤੇ ਈਰਾਨ ਦੇ ਰਾਜਦੂਤ ਨੂੰ ਇਸਲਾਮਾਬਾਦ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਜਥੇਦਾਰ ਦਾਦੂਵਾਲ ਜੀ ਦੇ ਚੁਨਾਗਰੇ ਧਾਰਮਿਕ ਦੀਵਾਨਾਂ ਵਿੱਚ ਸਿੱਖ ਸੰਗਤਾਂ ਤੋਂ ਇਲਾਵਾ ਪਹੁੰਚੇ ਬੇਅੰਤ ਸੰਤ ਮਹਾਂਪੁਰਸ਼

ਤਲਵੰਡੀ ਸਾਬੋ 20 ਜਨਵਰੀ (ਰਾਮ ਰੇਸ਼ਮ ਸ਼ਰਨ) ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਿੰਨ ਦੀਵਾਨ ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚੁਨਾਗਰਾਂ ਨੇੜੇ ਪਾਤੜਾਂ ਜ਼ਿਲਾ ਪਟਿਆਲਾ ਵਿਖੇ ਸਜਾਏ ਜਾਂਦੇ ਹਨ ਗੁਰਦੁਆਰਾ ਸੰਗਤਸਰ ਸਾਹਿਬ ਚੁਨਾਗਰਾਂ ਦੇ ਮੁੱਖ ਸੇਵਾਦਾਰ ਬਾਬਾ ਜੀਵਨ ਸਿੰਘ ਚੁਨਾਗਰਾ ਸੇਵਾਦਾਰ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਵੱਲੋਂ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪ੍ਰਬੰਧ ਕੀਤੇ ਜਾਂਦੇ ਹਨ ਇਸ ਸਾਲ ਦੇ ਸਮਾਗਮਾਂ ਵਿੱਚ ਵੀ ਨਗਰ ਅਤੇ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਤਿੰਨੇ ਦਿਨ ਹਾਜ਼ਰੀ ਭਰੀ ਅਤੇ ਗੁਰੂ ਕੇ ਲੰਗਰ ਅਤੂੱਟ ਵਰਤੇ ਇਸ ਸਮੇਂ ਹੋਏ ਅੰਮ੍ਰਿਤ ਸੰਚਾਰ ਵਿੱਚ 50 ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਣ ਕੀਤਾ ਜਥੇਦਾਰ ਦਾਦੂਵਾਲ ਜੀ ਨੇ ਤਿੰਨੋਂ ਧਾਰਮਿਕ ਦੀਵਾਨਾਂ ਵਿੱਚ ਹਾਜ਼ਰੀ ਭਰਦਿਆਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪਰਉਪਕਾਰਾਂ ਅਤੇ ਕੁਰਬਾਨੀ ਭਰੇ ਇਤਿਹਾਸ ਦਾ ਵਿਖਿਆਨ ਕਰਕੇ ਸੰਗਤਾਂ ਨੂੰ ਸਿੱਖੀ ਨਾਲ ਜੁੜਨ ਵਾਸਤੇ ਪ੍ਰੇਰਿਆ ਸਮਾਗਮ ਵਿੱਚ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਤਿੰਨੇ ਦਿਨ ਹਾਜ਼ਰੀ ਭਰੀ ਅਤੇ ਇਸ ਸਮਾਗਮ ਵਿੱਚ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਦੇ ਆਗੂ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ,ਬਾਬਾ ਮਨਮੋਹਣ ਸਿੰਘ ਬਾਰਨ ਵਾਲੇ,ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ,ਬਾਬਾ ਭਗਵੰਤ ਸਿੰਘ ਢੀਂਡਸਾ,ਬਾਬਾ ਦਰਸ਼ਨ ਸਿੰਘ ਟੌਹੜਾ ਮੂਲੇਪੁਰ,ਬਾਬਾ ਲਖਵੀਰ ਸਿੰਘ ਲਲੌਂਡੇ ਵਾਲੇ,ਬਾਬਾ ਸੁਖਦੇਵ ਸਿੰਘ ਬੁੱਢਾ ਦਲ,ਬਾਬਾ ਨਿਰਮਲ ਸਿੰਘ ਬੂਰੜ,ਬਾਬਾ ਜਰਨੈਲ ਸਿੰਘ ਭੀਮ ਹਰੀਗੜ,ਬਾਬਾ ਗੁਰਪਾਲ ਸਿੰਘ ਭੁੱਚੋ, ਬਾਬਾ ਰਾਜਵਿੰਦਰ ਸਿੰਘ,ਸੁਆਮੀ ਰਜੇਸਵਰਾਨੰਦ ਅੰਬਾਲਾ,ਬਾਬਾ ਜਗਸੀਰ ਸਿੰਘ ਕਲਬੁਰਛਾਂ,ਬਾਬਾ ਕੁਲਵਿੰਦਰ ਸਿੰਘ ਕਲਹੇੜੀ,ਬਾਬਾ ਪ੍ਰਿਤਪਾਲ ਸਿੰਘ ਘਣਗਸ ਮਲੇਸ਼ੀਆ,ਬਾਬਾ ਤਰਲੋਚਨ ਸਿੰਘ ਕਰਤਾਰਪੁਰ,ਬਾਬਾ ਸੰਤੋਖ ਸਿੰਘ ਮਲੇਰਕੋਟਲਾ,ਬਾਬਾ ਸਤਨਾਮ ਸਿੰਘ ਪੋਲੋਮਾਜਰਾ,ਬਾਬਾ ਜਗਜੀਤ ਸਿੰਘ ਕਕਰਾਲਾ,ਬਾਬਾ ਹਰਦੀਪ ਸਿੰਘ ਫਤਿਹਗੜ,ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲੇ,ਬਾਬਾ ਜੈਦੀਪ ਸਿੰਘ ਲੋਪੋਂ,ਬਾਬਾ ਗੁਰਚਰਨ ਸਿੰਘ ਦਿੜਬਾ,ਬਾਬਾ ਨਾਜਰ ਸਿੰਘ ਭਲਵਾਨ,ਬਾਬਾ ਦਰਸ਼ਨ ਸਿੰਘ ਹਰਿਆਓ ਵੀ ਹਾਜਰ ਸਨ ਚੇਅਰਮੈਨ ਤਜਿੰਦਰ ਸਿੰਘ ਤੇਜੀ ਬੂਰੜ,ਭਾਈ ਰਣਜੀਤ ਸਿੰਘ ਬੁਰਜ,ਭਾਈ ਸੁਰਜੀਤ ਸਿੰਘ ਚੁਨਾਗਰਾ,ਜਥੇਦਾਰ ਕਰਮ ਸਿੰਘ ਚੁਨਾਗਰਾ,ਸਰਪੰਚ ਹਰਵਿੰਦਰ ਸਿੰਘ ਬੂਰੜ,ਸਰਪੰਚ ਕੁਲਦੀਪ ਸਿੰਘ ਬੂਰੜ,ਗਗਨਦੀਪ ਸਿੰਘ ਚੁਨਾਗਰਾ ਤੇ ਹੋਰ ਸਹਿਯੋਗੀ ਸਿੰਘਾਂ ਨੇ ਵੱਧ ਚੜ ਕੇ ਸਮਾਗਮਾਂ ਵਿੱਚ ਸੇਵਾ ਕੀਤੀ ਜਿਕਰਯੋਗ ਹੈ ਕੇ ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਚੁਨਾਗਰਾ ਦਾ ਸਾਰਾ ਪ੍ਰਬੰਧ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਉਪਰ ਜਥੇਬੰਦੀ ਦੇ ਸੇਵਾਦਾਰ ਬਾਬਾ ਜੀਵਨ ਸਿੰਘ ਬੂਰੜ ਚੁਨਾਗਰਾ ਵਲੋਂ ਕੀਤਾ ਜਾ ਰਿਹਾ ਹੈ ਅੰਮ੍ਰਿਤ ਸੰਚਾਰ ਦੀ ਸੇਵਾ ਭਾਈ ਨਿਰਮਲ ਸਿੰਘ ਦਮਦਮੀ ਟਕਸਾਲ ਰੱਤਾ ਖੇੜਾ ਦੇ ਜਥੇ ਵੱਲੋਂ ਨਿਭਾਈ ਗਈ ਸਮਾਪਤੀ ਤੇ ਜਥੇਦਾਰ ਦਾਦੂਵਾਲ ਜੀ ਅਤੇ ਆਏ ਮਹਾਂਪੁਰਸ਼ਾਂ ਦਾ ਬਾਬਾ ਜੀਵਨ ਸਿੰਘ ਚੁਨਾਗਰਾ ਅਤੇ ਨਗਰ ਦੀਆਂ ਸੰਗਤਾਂ ਵੱਲੋਂ ਸਿਰਪਾਉ ਦੇ ਕੇ ਸਨਮਾਨ ਕੀਤਾ ਗਿਆ ।

ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ ਦਾ ਸਲਾਨਾ ਕੈਲੰਡਰ ਰਲੀਜ਼

ਸਾਨੂੰ ਭਾਈ ਸੰਗਤ ਸਿੰਘ ਜਿਹੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ: ਜਥੇਦਾਰ ਗੁਰਬਖਸ਼ ਸਿੰਘ ਖਾਲਸਾ

ਨਵਾਂਸ਼ਹਿਰ, 20 ਜਨਵਰੀ (ਚੇਤ ਰਾਮ ਰਤਨ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ ਵਿਖੇ ਕਾਲਜ ਪ੍ਰਿੰਸੀਪਲ ਡਾ. ਰਣਜੀਤ ਸਿੰਘ ਦੀ ਅਗਵਾਈ ਅਧੀਨ ਚਮਕੌਰ ਦੀ ਗੜ੍ਹੀ ਦੇ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਸਲਾਨਾ ਕੈਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ, ਜੂਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਸੰਸਥਾ ਦਾ ਸਲਾਨਾ ਕੈਲੰਡਰ ਜਾਰੀ ਕਰਦਿਆਂ ਜਥੇਦਾਰ ਖਾਲਸਾ ਨੇ ਕਿਹਾ ਕਿ ਭਾਈ ਸੰਗਤ ਸਿੰਘ ਸਿਖ ਧਰਮ ਦੇ ਅਜਿਹੇ ਯੋਧੇ ਹੋਏ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਆਪਣਾ ਕਲਗੀ ਤੋੜਾ ਬਖਸ਼ਿਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਅਜਿਹੇ ਮ

ਸਹਿਕਾਰੀ ਖੇਤੀਬਾੜੀ ਸੇਵਾ ਸਭਾ ਕਰਮਚਾਰੀ ਯੂਨੀਅਨ ਵੱਲੋਂ ਵਿਧਾਇਕ ਰਾਏ ਨੂੰ ਮੰਗ ਪੱਤਰ ਦਿੱਤਾ

ਵਿਭਾਗ ਦੀਆਂ ਮੀਟਿੰਗਾਂ ਅਤੇ ਰਿਪੋਰਟਾਂ ਦਾ ਅਣਮਿੱਥੇ ਸਮੇਂ ਲਈ ਬਾਈਕਾਟ ਰਹੇਗਾ- ਬਹਾਦਰ ਜੱਲਾ

ਫ਼ਤਹਿਗੜ ਸਾਹਿਬ, 20 ਜਨਵਰੀ (ਗਿੰਨੀ ਸੂਦ)-ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਕਰਮਚਾਰੀ ਯੂਨੀਅਨ ਦੀ ਜਿਲਾ ਜਥੇਬੰਦੀ ਵਲੋਂ ਸੂਬਾ ਪ੍ਰਧਾਨ ਬਹਾਦਰ ਸਿੰਘ ਜੱਲਾ ਅਤੇ ਜਿਲਾ ਪ੍ਰਧਾਨ ਅਵਤਾਰ ਸਿੰਘ ਪੋਹਲੋਮਾਜਰਾ ਦੀ ਅਗਵਾਈ ਵਿਧਾਇਕ ਐਡ.ਲਖਵੀਰ ਸਿੰਘ ਰਾਏ ਨੂੰ ਮੰਗ ਪੱਤਰ ਦਿੱਤਾ ਗਿਆ। ਉਨ ਾ ਦੱਸਿਆ ਕਿ ਵਿਭਾਗ ਦੀਆਂ ਮੀਟਿੰਗਾ ਅਤੇ ਰਿਪੋਰਟਾ ਦਾ ਅਣਮਿੱਥੇ ਸਮੇਂ ਤੱਕ ਮੁਕੰਮਲ ਬਾਈਕਾਟ ਰਹੇਗਾ ਪ੍ਰੰਤੂ ਮੈਂਬਰਾ ਅਤੇ ਕਿਸਾਨਾ ਦਾ ਕੰਮ ਕੀਤਾ ਜਾਵੇਗਾ। ਉਨ ਾ ਮੰਗ ਕੀਤੀ ਕਿ ਸਭਾਵਾਂ ਦੇ ਕਰਮਚਾਰੀਆਂ ਦਾ ਕਾਮਨ ਕੇਡਰ ਬੈਂਕ ਵਿਚ ਜਿਲਾ ਲੈਵਲ ਤੇ ਕੀਤਾ ਜਾਵੇ, ਕਿਉਕਿ ਬੈਂਕ ਵਿਚ ਕਰਮਚਾਰੀਆਂ ਦੀ ਘਾਟ ਕਾਰਨ ਸਭਾਵਾਂ ਦਾ ਕੰਮ ਸਹੀ ਸਮੇ 'ਤੇ ਨਹੀਂ ਹੁੰਦਾ ਅਤੇ ਸਭਾਵਾਂ ਵਿਚ ਵੀ ਕਰਮਚਾਰੀਆ ਦੀ ਗਿਣਤੀ ਸੀਮਤ ਹੈ। ਕੇਂਦਰ ਸਰਕਾਰ ਵਲੋਂ ਬੈਂਕ ਨਾਲ ਸਭਾਵਾਂ ਦਾ ਆਨਲਾਈਨ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਸਭਾਵਾਂ ਦੇ ਕਰਮਚਾਰੀ ਬੈਂਕ ਵਿਚ ਕਾਮਨ ਕੇਡਰ ਕਰਕੇ ਕੰਮ ਨੂੰ ਸਰਲ ਕੀਤਾ ਜਾਵੇ। ਸਭਾਵਾਂ ਦੇ ਕਰਮਚਾਰੀਆਂ ਨੂੰ 6ਵਾਂ ਪੇ ਕਮਿਸ਼ਨ ਪੰਜਾਬ ਸਰਕਾਰ ਦੀ ਤਰਜ ਤੇ ਬਿਨ ਾਂ ਸ਼ਰਤ 1 ਜੁਲਾਈ 2021 ਤੋਂ ਦਿੱਤਾ ਜਾਵੇ। ਸਭਾਵਾਂ ਦੇ ਕਰਮਚਾਰੀਆਂ ਨੂੰ ਸਰਵਿਸ ਰੂਲ 1997 ਦੇ ਰੂਲਾਂ ਮੁਤਾਬਕ ਤਨਖਾਹ ਪੰਜਾਬ ਸਰਕਾਰ ਦੇ ਮੁਲਾਜਮਾਂ ਦੀ ਤਰਜ ਤੇ ਦਿੱਤੀ ਜਾਵੇ। ਇਸ ਮੌਕੇ ਨਰਿੰਦਰ ਸਿੰਘ ਦਮਹੇੜੀ, ਲਖਵੀਰ ਸਿੰਘ ਡਡਹੇੜੀ, ਕਮਲਜੀਤ ਸਿੰਘ ਖਜਾਨਚੀ, ਕੇਸਰ ਸਿੰਘ ਭੈਣੀ ਜਿਲ ਾ ਸਰਪ੍ਰਸਤ, ਦਲਜੀਤ ਸਿੰਘ ਬਲਾਕ ਪ੍ਰਧਾਨ ਅਮਲੋਹ, ਦਲਬੀਰ ਸਿੰਘ ਘੇਲ ਬਲਾਕ ਪ੍ਰਧਾਨ ਖੇੜਾ, ਗੁਰਵਿੰਦਰ ਸਿੰਘ ਬਲਾਕ ਪ੍ਰਧਾਨ ਬਸੀ, ਰਣਜੀਤ ਸਿੰਘ ਹਵਾਰਾ, ਅਮਨਦੀਪ ਸਿੰਘ ਰਿਉਣਾ, ਗੁਰਸੇਵਕ ਸਿੰਘ ਲੁਹਾਰੀ, ਪ੍ਰਗਾਸ਼ਇੰਦਰ ਸਿੰਘ ਕੋਟਲਾ, ਹਮੀਰ ਸਿੰਘ ਪਮੌਰ, ਵਰਿੰਦਰ ਸਿੰਘ ਰੈਲੋ, ਜਸਬੀਰ ਸਿੰਘ ਸੌਢਾ, ਜਸਪਾਲ ਸਿੰਘ ਬਾਸੀਆਂ, ਬੀਰਦਵਿੰਦਰ ਸਿੰਘ ਚੀਮਾਂ ਮੱਠੀ, ਹਰਪਾਲ ਸਿੰਘ ਹਰੀਪੁਰ, ਸੁਰਿੰਦਰ ਸਿੰਘ ਮਾਜਰੀ, ਗੁਰਤੇਜ ਸਿੰਘ ਸੌਟੀ, ਨਾਜਰ ਸਿੰਘ ਸਾਨੀਪੁਰ, ਗੁਰਸੇਵਕ ਸਿੰਘ ਹੈਬਤਪੁਰ, ਪਰਮਿੰਦਰ ਸਿੰਘ ਸੌਢਾ, ਲਖਵੀਰ ਸਿੰਘ ਬਧੌਛੀ, ਤਰਨਵੀਰ ਸਿੰਘ ਅਤੇ ਸਿਤਾਰ ਮਹੰਮਦ ਚਾਨਰਥਲ ਆਦਿ ਹਾਜ਼ਰ ਸਨ।

ਸੰਤੋਸ਼ ਕਟਾਰੀਆ ਵਿਧਾਇਕ ਨੇ ਪਿੰਡ ਦਿਆਲਾਂ ਵਿਖੇ ਵਿਕਾਸ ਕਾਰਜ ਦਾ ਕੀਤਾ ਉਦਘਾਟਨ

ਬਲਾਚੌਰ, ਕਾਠਗੜ੍ਹ 20 ਜਨਵਰੀ (ਜਸਵਿੰਦਰ ਮਜਾਰਾ) ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਪੰਜਾਬ ਵਿਕਾਸ ਦੀਆਂ ਲੀਹਾਂ ਤੇ ਦੌੜ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਪਿੰਡ ਦਿਆਲਾਂ ਵਿਖੇ ਨਵੀਆਂ ਬਣੀਆਂ ਗਲੀਆਂ ਤੇ ਨਾਲੀਆਂ ਦਾ ਉਦਘਾਟਨ ਕਰਨ ਵੇਲੇ ਕੀਤਾ। ਉਹਨਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿੰਡ ਵਿੱਚ ਜੇਕਰ ਤੁਹਾਨੂੰ ਵਿਕਾਸ ਸੰਬੰਧੀ ਸਮੱਸਿਆ ਆਉਂਦੀ ਹੈ ਉਹ ਮੇਰੇ ਨਾਲ ਮੇਰੇ ਬਲਾਚੌਰ ਦਫਤਰ ਵਿਖੇ ਰਾਬਤਾ ਕਾਇਮ ਕਰ ਸਕਦਾ ਹੈ। ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਨੇਤਾ ਆਮ ਆਦਮੀ ਪਾਰਟੀ ਨੇ ਕਿਹਾ ਕਿ ਪਿੰਡ ਦੇ ਵਿਕਾਸ ਲਈ ਹੋਰ ਵੀ ਵਧੇਰੇ ਫੰਡ ਮੁਹੱਈਆ ਕਰਵਾਏ ਜਾਣਗੇ। ਇਸਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਬਲਾਚੌਰ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਦੱਸਿਆ ਕਿ ਬੀਬੀ ਸੰਤੋਸ਼ ਕਟਾਰੀਆ ਬਿਨਾ ਭੇਦਭਾਵ ਤੋਂ ਹਲਕੇ ਦੇ ਸਾਰੇ ਪਿੰਡਾਂ ਵਿੱਚ ਵਿਕਾਸ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ। ਇਸ ਮੌਕੇ ਬੀ.ਡੀ.ਪੀ.ਓ.ਚੰਦ ਸਿੰਘ,ਪੰਚਾਇਤ ਸੈਕਟਰੀ ਰਾਕੇਸ਼ ਚੇਚੀ ,ਰਸ਼ਪਾਲ ਮੰਡੇਰ ਬਕਾਪੁਰ ,ਪਵਨ ਕੁਮਾਰ ਕਰੀਮਪੁਰ ਚਾਹਵਾਲਾ, ਗੁਰਚੈਨ ਰਾਮ,ਪ੍ਰਵੀਨ ਵਸ਼ਿਸ਼ਟ, ਜਤਿੰਦਰ ਸਿੰਘ ਦਿਆਲ ਸਰਪੰਚ, ਸੁਰਜੀਤ ਸਿੰਘ ਢਿੱਲੋਂ ਸਾਬਕਾ ਸਰਪੰਚ,ਲੰਬੜਦਾਰ ਬਲਜਿੰਦਰ ਸਿੰਘ,ਜਸਵੀਰ ਸਿੰਘ ਪੰਚ,ਡਾ.ਸ਼ਿੰਦਰ ਪਾਲ ਪੰਚ ,ਗੁਰਮੇਲ ਪਟਵਾਰੀ, ਦਿਲਾਵਰ ਸਿੰਘ ਆਦਿ ਹਾਜ਼ਰ ਸਨ।

ਡੀ ਸੀ ਦਫ਼ਤਰ ਮੂਹਰੇ 22 ਤੋਂ 26 ਜਨਵਰੀ ਤੱਕ ਧਰਨੇ ਲਗਾਉਣ ਦੀਆਂ ਤਿਆਰੀਆਂ ਸੰਬੰਧੀ ਭਕਨਾ ਕਲਾਂ ਵਿੱਚ ਕਿਸਾਨ ਆਗੂਆਂ ਦੀ ਹੋਈ ਮੀਟਿੰਗ

ਭਕਨਾ ਕਲਾਂ, 20 ਜਨਵਰੀ (ਜਸਬੀਰ ਸਿੰਘ ਗਿੱਲ) -ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਦੀ ਮੀਟਿੰਗ ਪ੍ਰਧਾਨ ਪਰਮਿੰਦਰ ਸਿੰਘ ਪੰਡੋਰੀ ਦੀ ਅਗਵਾਈ ਚ ਗੁਰਦਵਾਰਾ ਸਾਹਿਬ ਪਿੰਡ ਭਕਨਾ ਕਲਾ ਵਿਖੇ ਹੋਈ ਇਸ ਦੋਰਾਨ ਵੱਖ ਵੱਖ ਪਿੰਡਾ ਦੇ ਆਗੂ ਹਾਜਿਰ ਹੋਏ ਇਸ ਦੋਰਾਨ ਆਗੂਆ ਨੇ ਕਿਹਾ ਕਿ ਪੰਜਾਬ ਸਰਕਾਰ ਖਿਲਾਫ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਪੂਰੇ ਪੰਜਾਬ ਦੇ ਜਿਲਾ ਹੈੱਡ ਕੁਆਰਟਰਾ ਤੇ ਪੰਜ ਰੋਜ਼ਾ ਧਰਨੇ ਦਿੱਤੇ ਜਾ ਰਹੇ ਹਨ ਇਸੇ ਤਹਿਤ ਜਿਲਾ ਅੰਮਿਰਤਸਰ ਵਿਖੇ ਵੀ ਡੀਸੀ ਦਫਤਰ ਮੂਹਰੇ 22ਜਨਵਰੀ ਤੋ 26ਜਨਵਰੀ ਤੱਕ ਧਰਨੇ ਦਿੱਤੇ ਜਾਣਗੇ ਉਹਨਾਂ ਕਿਹਾ ਕਿ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਰਬਾਦ ਕਰਨ ਤੇ ਤੁਲੀਆਂ ਹੋਈਆ ਇਹ ਸਰਕਾਰ ਵੀ ਦੂਜੀਆਂ ਸਰਕਾਰਾਂ ਵਾਂਗ ਕਿਸਾਨ ਤੇ ਮਜ਼ਦੂਰ ਵਿਰੋਧੀ ਹੈ ਉਹਨਾਂ ਕਿਹਾ ਕਿ ਜਦੋਂ ਦੀ ਸਰਕਾਰ ਆਈ ਹੈ ਇਹਨਾ ਨਵੀਂ ਖੇਤੀ ਨੀਤੀ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਖੇਤੀ ਦੀ ਨਵੀਂ ਪਾਲਿਸੀ ਨਹੀਂ ਲਿਆਂਦੀ ਗਈ ਤੇ ਇਹ ਵੀ ਪਤਾ ਲੱਗਾ ਕਿ ਨਵੀਂ ਖੇਤੀ ਨੀਤੀ ਬਣਾਉਣ ਦਾ ਠੇਕਾ ਅਮਰੀਕੀ ਕਾਰਪੋਰੇਟ ਕੰਪਨੀ ਨੂੰ ਦਿੱਤਾ ਹੋਇਆ ਆਗੂਆ ਕਿਹਾ ਕਿ ਕਾਰਪੋਰੇਟ ਕੰਪਨੀਆਂ ਕਦੀ ਵੀ ਲੋਕ ਪੱਖੀ ਨੀਤੀ ਨਹੀਂ ਲਿਆ ਸਕਦੀਆਂ ਆਗੂਆ ਕਿਹਾ ਕਿ ਜੋ ਕਿਸਾਨ ਸੱਠ ਸਾਲ ਤੋ ਉੱਪਰ ਹੋ ਜਾਂਦਾ ਉਸ ਲਈ ਪੈਨਸ਼ਨ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇ ਉਹਨਾਂ ਨੇ ਕਿਹਾ ਕਿ ਕਿਸਾਨੀ ਕਰਜ਼ਿਆਂ ਤੇ ਲੀਕ ਮਾਰੀ ਜਾਵੇ ਅਤੇ ਕਿਸਾਨਾਂ ਮਜ਼ਦੂਰਾਂ ਨੂੰ ਸਸਤਾ ਕਰਜ਼ੇ ਦਿੱਤੇ ਜਾਣ ਜਿਸ ਦੀ ਨੀਤੀ ਬਣਾਈ ਜਾਵੇ ਅਤੇ ਪਿੱਛਲੇ ਸਮੇ ਦੋਰਾਨ ਕੁਦਰਤੀ ਆਫ਼ਤਾਂ ,ਹੜਾ ਨਾਲ ਹੋਏ ਨੁਕਸਾਨ ਦੀ ਭਰਪਾਈ ਕੀਤਾ ਜਾਵੇ ਆਗੂਆ ਕਿਹਾ ਕਿ ਝੋਨੇ ਹੇਠਲਾ ਰਕਬਾ ਘਟਾਇਆ ਜਾਵੇ ਤੇ ਹਰ ਖੇਤ ਤੱਕ ਨਹਿਰੀ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਤਾ ਜੋ ਜ਼ਮੀਨ ਦੇ ਹੇਠਲਾ ਪਾਣੀ ਬਚਾਇਆ ਜਾਵੇ ਉਹਨਾਂ ਕਿਹਾ ਕਿ ਦਰਿਆਈ ਅਤੇ ਜ਼ਮੀਨ ਹੇਠਲਾ ਪਾਣੀ ਦੂਸਿਤ ਕਰ ਰਹੀਆ ਸਨਅਤਾਂ ਬੰਦ ਕੀਤੀਆਂ ਜਾਣ ਜਾ ਉਹਨਾਂ ਤੇ ਸਖ਼ਤ ਕਨੂੰਨ ਬਣਾਏ ਜਾਣ ਤਾ ਜੋ ਸਾਫ ਪਾਣੀ ਦਾ ਬਚਾ ਹੋ ਸਕੇ ਆਗੂਆ ਕਿਹਾ ਕਿ ਨਸ਼ੇ ਦੇ ਥੋਕ ਵਪਾਰੀਆਂ ਨੂੰ ਸਲਾਖ਼ਾ ਦੇ ਪਿੱਛੇ ਸੁੱਟਿਆ ਜਾਵੇ ਅਤੇ ਨਸ਼ੇ ਦੇ ਪੀੜਤ ਨੋਜਵਾਨਾ ਦਾ ਇਲਾਜ ਵਿਗਿਆਨਿਕ ਤਰੀਕੇ ਨਾਲ ਕਰਵਾਇਆਂ ਜਾਵੇ ਤੇ ਉਹਨਾਂ ਦੇ ਮੁੜ ਵਸੇਬਾ ਦਾ ਪ੍ਰਬੰਧ ਕੀਤਾ ਇਸ ਮੋਕੇ ਬਲਾਕ ਸਕੱਤਰ ਕੁਲਬੀਰ ਜੇਠੂਵਾਲ, ਸਤਨਾਮ ਸਿੰਘ ਭਕਨਾ ,ਬਲਵੰਤ ਸਿੰਘ ਤਾਜੇਚੱਕ , ਗੁਰਮੀਤ ਸਿੰਘ ,ਪ੍ਰਗਟ ਸਿੰਘ ਭਕਨਾ ,ਨਿਰਵੈਰ ਨੱਥੂਪੁਰਾ ,ਬਲਬੀਰ ਕਾਉਕੇ ,ਰਾਜਾ ਚੱਕ ਮੁਕੰਦ ,ਕੁਲਦੀਪ ਸਿੰਘ ,ਇੰਦਰ ਸਿੰਘ ,ਸ਼ਮਸ਼ੇਰ ਸਿੰਘ ,ਹਰਜੀਤ ਸਿੰਘ ,ਚੰਨਣ ਸਿੰਘ ਆਦਿ ਕਿਸਾਨ ਹਾਜ਼ਿਰ ਸਨ

ਵਿਆਹ ਕਰਾਉਣ ਦਾ ਝਾਂਸਾ ਦੇ ਕੇ ਨਾਬਾਲਿਗਾ ਅਗਵਾ

ਲੁਧਿਆਣਾ, 20 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਸਾਹਨੇਵਾਲ ਅਧੀਨ ਪੈਂਦੇ ਇਲਾਕੇ ਦੀ ਵਾਸੀ ਗੁੰਜਨ ਰਾਏ ਪਤਨੀ ਜੈ ਪ੍ਰਕਾਸ਼ ਰਾਏ ਨੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਘਟਨਾ ਵਾਲੇ ਦਿਨ ਉਸਦੀ ਲੜਕੀ ਸ਼ਿਵਾਨੀ ਸਿਲਾਈ ਸੈਂਟਰ ਗਈ ਸੀ। ਜਿਸਨੂੰ ਕੋਈ ਅਣਪਛਾਤਾ ਵਿਅਕਤੀ ਬਹਿਲਾ ਫੁਸਲਾਕੇ ਵਿਆਹ ਕਰਾਉਣ ਦੀ ਨੀਅਤ ਨਾਲ ਕਿਧਰੇ ਭਜਾ ਕੇ ਲੈ ਗਿਆ। ਕੇਸ ਦੀ ਜਾਂਚ ਤਫਤੀਸੀ ਅਫਸਰ ਰਘਬੀਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

ਲੋੜਵੰਦ ਏਕ ਉਂਕਾਰ ਫਾਊਂਡੇਸ਼ਨ (ਯੂ ਕੇ) ਨਾਲ ਸੰਪਰਕ ਕਰਨ - ਬਲਦੀਸ਼ ਕੌਰ

ਬੰਗਾ 20, ਜਨਵਰੀ(ਮਨਜਿੰਦਰ ਸਿੰਘ) ਫਾਊਂਡੇਸ਼ਨ (ਯੂ ਕੇ) ਨਾਲ ਸੰਪਰਕ ਕਰਨ ਫਾਊਂਡੇਸ਼ਨ ਦੇ ਬੰਗਾ ਤੋਂ ਸੇਵਾਦਾਰ ਬਲਦੀਸ਼ ਓਂਕਾਰ ਫਾਊਂਡੇਸ਼ਨ (ਯੂ ਕੇ) ਦੇ ਫਾਊਂਡਰ ਦਿਸ਼ਾ ਨਿਰਦੇਸ ਅਤੇ ਯੋਗ ਅਗਵਾਈ ਵਿੱਚ ਹਮੇਸ਼ਾ ਤੱਤਪਰ ਰਹਿੰਦੀ ਹੈ ਉਨ੍ਹਾਂ ਦੱਸਿਆ ਕਿ ਦੌਰੇ ਤੇ ਪੰਜਾਬ ਆਏ ਸਨ ਉਨ੍ਹਾਂ ਵਲੋਂ ਵੱਡੀ ਵਹੀਲ ਚੇਅਰ ਅਤੇ ਹੋਰ ਲੋੜੀਂਦਾ ਸਮਾਨ ਕਿ ਇਸ ਤਰਾਂ ਦੇ ਮਰੀਜ ਫਾਊਂਡੇਸ਼ਨ ਨਾਲ ਦੱਸਿਆ ਕਿ ਏਕ ਓਂਕਾਰ ਫਾਊਂਡੇਸ਼ਨ ((ਯੂ ਕੇ ਦੇ ਚੌਕ ਅਪ ਅਤੇ ਅਪ੍ਰੇਸ਼ਨ ਕੈਂਪ ਲਗਾਉਣ ਤੋਂ ਇਲਾਵਾ ਲੋੜਵੰਦ ਸਕੂਲਾ ਦੇ ਬਚਿਆਂ ਨੂੰ ਕਿਤਾਬਾਂ ਕਾਪੀਆਂ, ਵਰਦੀ ਦੀ ਮਦੱਦ ਕਰਦੀ ਰਹਿੰਦੀ ਹੈ ਇਸ ਤੋਂ ਇਲਾਵਾ ਹੋਰ ਸਮਾਜ ਸੇਵੀ ਸੰਸਥਾਵਾਂ ਦੀ ਸਹਾਇਤਾ ਵਿੱਚ ਵਡਮੁੱਲਾ ਯੋਗਦਾਨ ਪਾਉਂਦੀ ਰਹਿੰਦੀ ਹੈ ਅਤੇ ਪਾਉਂਦੀ ਰਹੇਗੀ ਇਸ ਮੌਕੇ ਸੰਸਥਾ ਦੇ ਸੇਵਾਦਾਰ ਜੋਗਾ ਸਿੰਘ ਅਤੇ ਮਨਜਿੰਦਰ ਸਿੰਘ ਹਾਜ਼ਰ ਸਨ

ਲੋੜਵੰਦ ਅਪਾਹਜ ਮਰੀਜ ਏਕ ਓਂਕਾਰ ਇਹ ਵਿਚਾਰ ਇਕ ਵਾਰਤਾ ਦੌਰਾਨ ਏਕ ਓਂਕਾਰ ਕੌਰ ਬੰਗਾ ਨੇ ਪ੍ਰਗਟ ਕਰਦਿਆਂ ਕਿਹਾ ਕਿ ਏਕ ਸੇਵਾਦਾਰ ਦਵਿੰਦਰ ਸਿੰਘ ਸਹੋਤਾ(ਟੈਂਨੀ) ਦੇ ਫਾਊਂਡੇਸ਼ਨ ਲੋੜਵੰਦਾ ਦੀ ਮਦੱਦ ਕਰਨ ਵਿੱਚ ਬੀਤੇ ਮਹੀਨੇ ਟੈਨੀ ਸਹੋਤਾ ਜਦੋ ਯੂ ਕੇ ਤੋਂ ਭਾਰਤ ਗਿਣਤੀ ਵਿੱਚ ਲੋੜ੍ਹਵੰਦ ਅਪਾਹਜ ਮਰੀਜਾਂ ਨੂੰ ਮੁਹਈਆ ਕਰਵਾਇਆ ਗਿਆ ਸੀ ਉਨ੍ਹਾਂ ਕਿਹਾ ਲੋੜ ਅਨੁਸਾਰ ਸੰਪਰਕ ਕਰ ਸਕਦੇ ਹਨ ਉਨ੍ਹਾਂ)ਸਮੇਂ ਸਮੇਂ ਤੇ ਮੁਫ਼ਤ ਮੈਡੀਕਲ ਕੈਂਪ,ਮੁਫ਼ਤ ਅੱਖਾਂ

ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੋਨੂੰ ਚੀਮਾ ਦੀ ਹੋਈ ਮੌਤ 'ਤੇ ਪਰਿਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

ਝਬਾਲ 20 ਜਨਵਰੀ (ਰਜਿੰਦਰ ਖੁੱਲਰ)ਹਲਕਾ ਖੇਮਕਰਨ ਤੋ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੋਨੂੰ ਚੀਮਾ ਦੀ ਹੋਈ ਮੌਤ ਤੇ ਪਰਿਵਾਰ ਨਾਲ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ ਇਸ ਮੌਕੇ ਉਹਨਾਂ ਨੇ ਮੋਨੂੰ ਚੀਮਾਂ, ਉਹਨਾਂ ਦੇ ਮਾਤਾ ਪਿਤਾ, ਪਤਨੀ, ਧੀ, ਪੁੱਤਰ,ਪ੍ਰਮੋਦ ਕੁਮਾਰ ਚੋਪੜਾ,ਸਾਹਿਬ ਖੁੱਲਰ ਕੈਨੇਡਾ ਆਦਿ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਇਸ ਮੌਕੇ ਮਾਸਟਰ ਨਰਿੰਦਰ ਸਿੰਘ ਕੈਨੇਡਾ, ਬਲਵਿੰਦਰ ਸਿੰਘ ਝਬਾਲ, ਮੋਤਾ ਸਿੰਘ ਸੋਹਲ, ਪਰਮਜੀਤ ਸਿੰਘ ਚੀਮਾਂ, ਆਸ਼ੀਸ਼ ਚੀਮਾਂ, ਬਾਬਾ ਕਰਤਾਰ ਸਿੰਘ, ਰਣਧੀਰ ਸਿੰਘ, ਆਦਿ ਤੋਂ ਇਲਾਵਾ ਅੱਡਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

90 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ

ਲੁਧਿਆਣਾ, 20 ਜਨਵਰੀ (ਹਰਵਿੰਦਰ ਭੰਵਰਾ)-ਥਾਣਾ ਸਲੇਮ ਟਾਬਰੀ ਅਧੀਨ ਪੈਂਦੇ ਇਲਾਕੇ ਦੇ ਵਾਸੀ ਸਮੀਰ ਉਰਫ ਘਾਰੂ ਪੁੱਤਰ ਹੰਸਰਾਜ ਨੂੰ ਪੁਲਿਸ ਪਾਰਟੀ ਨੇ ਉਸ ਸਮੇਂ ਗ੍ਰਿਫਤਾਰ ਕਰ ਲਿਆ ਜਦੋਂ ਉਕਤ ਦੋਸ਼ੀ ਘਾਰੂ ਮੁਹੱਲਾ ਪੀਰੂ ਬੰਦਾ ਵਿਖੇ ਖੜਾ ਸੀ। ਜਿਸਨੂੰ ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ ਤੇ' ਰੋਕ ਕੇ ਚੈਕ ਕੀਤਾ ਤਾਂ ਦੋਸ਼ੀ ਕੋਲੋ 90 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਕੇਸ ਦੀ ਜਾਂਚ ਸਥਾਨਕ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ

ਬਾਪੂ ਕੁੰਭ ਦਾਸ ਸਲਾਨਾ ਜੋੜ ਮੇਲਾ ਤੇ ਗਾਇਕ ਮਹੇਸ਼ ਸਾਜਨ ਅੰਮ੍ਰਿਤ ਸਾਬ ਅਤੇ ਰਾਣੀ ਰਣਦੀਪ ਨੇ ਰੰਗ ਬੰਨਿਆ

ਨਵਾਂਸ਼ਹਿਰ :- 20 ਜਨਵਰੀ (ਚੇਤ ਰਾਮ ਰਤਨ) ਬੇਗ਼ਮਪੁਰਾ ਨਵੀ ਅਬਾਦੀ ਨਵਾਂਸ਼ਹਿਰ ਵਿੱਚ ਸਥਿਤ ਬਾਪੂ ਕੁੰਭ ਦਾਸ ਨਗਰੀ ਨਵਾਂਸ਼ਹਿਰ ਦੇ ਦਰਬਾਰ ਬਾਪੂ ਕੁੰਭ ਦਾਸ ਜੀ ਮਹਾਰਾਜ ਦਾ ਸਲਾਨਾ ਮੇਲਾ ਦਰਬਾਰ ਦੇ ਸੇਵਾਦਾਰ ਵਰੁਣ ਸੋਬਤੀ ਤੇ ਨਰਿੰਦਰ ਚੋਹਾਨ ਨੇ ਦੱਸਿਆ ਕਿ ਇਹ ਸਲਾਨਾ ਮੇਲਾ ਪ੍ਰੀਤੀ ਮੰਹਤ ਉਰਫ ਬੰਮ ਦੇਵ ਜੀ ਅਤੇ ਦਰਬਾਰ ਮਢਾਲੀ ਸ਼ਰੀਫ ਸਾਈ ਉਮਰੇ ਸ਼ਾਹ ਦੀ ਅਗਵਾਈ ਵਿੱਚ ਕਰਵਾਇਆ ਗਿਆ।ਜਿਸ ਵਿੱਚ ਸ਼ਾਮ ਨੂੰ ਮਹਿੰਦੀ ਦੀ ਰਸਮ ਕੀਤੀ ਤੇ ਮਹੰਤਾਂ ਵਲੋਂ ਦਰਬਾਰ ਵਿੱਚ ਗਿੱਧਾ ਪਾਇਆ ਗਿਆ।ਰਾਤ ਨੂੰ ਮਹਿਫਲ ਕਵਾਲੀ ਦਾ ਪ੍ਰੋਗਰਾਮ ਕਵਾਲ ਪਾਰਟੀਆਂ ਵਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਐਮ ਮੇਲੇ ਦੇ ਦੂਜੇ ਦਿਨ ਸਵੇਰੇ ਝੰਡੇ ਦੀ ਰਸਮ ਕੀਤੀ ਗਈ । ਧਾਰਮਿਕ ਸਮਾਗਮ ਦੌਰਾਨ ਪ੍ਰਸਿੱਧ ਕਲਾਕਾਰ ਮਹੇਸ਼ ਸਾਜਨ ਵੱਲੋਂ ਗਣੇਸ਼ ਬੰਦਨਾ ਸ਼ੁਰੂ ਕਰ ਧਾਰਮਿਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਕਿਕਾਰਡ ਭਜਨ ਕੀ ਕੀ ਸਿਫਤ ਸੁਣਾਵਾਂ ਮੈਂ ਬਾਪੂ ਕੁੰਭ ਦੱਸਦੀ ਅੱਜ ਲੱਗੀਆਂ ਰੌਣਕਾਂ ਜੀ ਬਾਪੂ ਕੁੰਭ ਦੱਸਦੇ ਡੇਰੇ ਅਤੇ ਬਾਪੂ ਕ

ਪੰਜਾਬੀਆਂ ਦਾ ਤਰਜਮਾਨ
ਅਕਾਲੀ ਪੱਤ੍ਰਿਕਾ

ਨਿਗੁਰੇ ਕਾ ਹੈ ਨਾਉ ਬੁਰਾ॥

(ਅੰਗ-੪੩੫)

ਪਰਮਾਤਮਾ ਦਾ ਨਾਮ ਭੁੱਲਣ ਵਾਲਾ ਮਨੁੱਖ ਬਦਨਾਮੀ ਹੀ ਖੱਟਦਾ ਹੈ।

ਰਾਮ ਰਹੀਮ ਦੀ ਫਿਰ ਪੈਰੋਲ ਉੱਪਰ ਰਿਹਾਈ, ਰਾਜਨੀਤੀ ਗਰਮਾਈ

ਸਰਕਾਰ ਜੇ ਕਿਸੇ ਅਪਰਾਧੀ ਉੱਪਰ ਵਾਰ-ਵਾਰ ਮਿਹਰਬਾਨ ਹੋਵੇ ਤਾਂ ਸਰਕਾਰ ਦਾ ਕਿਰਦਾਰ ਸ਼ੱਕ ਦੇ ਘੇਰੇ ਵਿੱਚ ਆਉਣਾ ਲਾਜ਼ਮੀ ਹੈ। ਹੈਰਾਨੀ ਹੈ ਕਿ ਨਿਰਪੱਖਤਾ ਦੀ ਰਾਹ ਉੱਪਰ ਚੱਲਣ ਦਾ ਦਾਅਵਾ ਕਰਨ ਵਾਲੀ ਸਰਕਾਰ ਬੇਨਕਾਬ ਹੋਣ ਦੇ ਬਾਵਜੂਦ ਉੱਚੇ ਆਦਰਸ਼ ਦੀਆਂ ਗੱਲਾਂ ਕਰਦੀ ਹੈ। ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਫਿਰ 9ਵੀਂ ਵਾਰ ਪੈਰੋਲ ਉੱਪਰ ਜੇਲ੍ਹ ਤੋਂ ਬਾਹਿਰ ਆਉਣ ਦੀ ਇਜਾਜ਼ਤ ਮਿਲ ਗਈ ਹੈ। ਉਹ ਕਈ ਘਿਨਾਉਣੇ ਮਾਮਲਿਆਂ ਵਿੱਚ 2017 ਤੋਂ ਰੋਹਤਕ ਦੀ ਸੁਨਾਰੀਆ ਜੇਹਲ ਵਿੱਚ ਸਜ਼ਾ ਕੱਟ ਰਿਹਾ ਹੈ। ਉਂਝ ਤਾਂ ਉਸਦੇ ਵਾਰ-ਵਾਰ ਜੇਹਲ ਤੋਂ ਬਾਹਿਰ ਆਉਣ ਉਪਰ ਸਵਾਲਾਂ ਦਾ ਉਠੱਣਾ ਲਾਜ਼ਮੀ ਹੈ ਪਰ ਜਦੋਂ ਇਸ ਨੂੰ ਦੂਜੇ ਕੈਦੀਆਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ ਉਸ ਵੇਲੇ ਜਾਪਦਾ ਹੈ ਦੇਸ਼ ਵਿੱਚ ਦੋ ਤਰ੍ਹਾਂ ਦੇ ਕਾਨੂੰਨ ਹਨ। ਇਕ ਕਾਨੂੰਨ ਡੇਰਾ ਮੁਖੀ ਲਈ ਅਤੇ ਦੂਜਾ ਸਿੱਖ ਬੰਦੀਆਂ ਲਈ। ਬਲਵੰਤ ਸਿੰਘ ਰਾਜੋਆਣਾ ਸਮੇਤ ਕਈ ਸਿੱਖ ਬੰਦੀ ਆਪਣੀ ਸਜ਼ਾ ਦੀ ਮਿਆਦ ਪੂਰੀ ਹੋਣ ਦੇ ਬਾਵਜੂਦ ਜੇਹਲਾਂ ਵਿੱਚ ਬੰਦ ਹਨ। ਸਿੱਖ ਲੀਡਰਾਂ ਨੇ ਵਾਰ-ਵਾਰ ਇਹ ਮਾਮਲਾ ਉਠਾਇਆ ਪਰ ਸਰਕਾਰ ਨੇ ਇਸ ਨੂੰ ਹਮੇਸ਼ਾ ਲਈ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ। ਜਦੋਂ ਵੀ ਡੇਰਾ ਮੁਖੀ ਨੂੰ ਕੁੱਝ ਦਿਨਾਂ ਲਈ ਜੇਹਲ ਤੋਂ ਰਿਹਾਈ ਮਿਲਦੀ ਹੈ, ਸਿੱਖ ਬੰਦੀਆਂ ਨੂੰ ਲੈਕੇ ਸਰਕਾਰ ਫਿਰ ਸਿੱਖਾਂ ਦੇ ਨਿਸ਼ਾਨੇ ਉਪਰ ਆ ਜਾਂਦੀ ਹੈ। ਇਸ ਮਾਮਲੇ ਵਿੱਚ ਸਰਕਾਰ ਦੀ ਬੇਰੁਖ਼ੀ ਦੀ ਸਿਖ਼ਰ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਗ੍ਰਹਿ ਮੰਤਰੀ ਅਮਿਤਸ਼ਾਹ ਨੇ ਆਖਿਆ ਕਿ ਜਿਸ ਨੂੰ ਆਪਣੇ ਕੀਤੇ ਉਪਰ ਪਛਤਾਵਾ ਨਹੀਂ ਉਹ ਰਿਹਾਈ ਦਾ ਹੱਕਦਾਰ ਨਹੀਂ। ਅਮਿਤਸ਼ਾਹ ਨੇ ਇਹ ਕਹਿਕੇ ਸਮਝਿਆ ਹੋਵੇਗਾ ਕਿ ਉਹਨਾਂ ਨੇ ਤਰਕ ਸੰਗਤ ਗੱਲ ਕੀਤੀ ਹੈ ਪਰ ਉਹਨਾਂ ਦਾ ਤਰਕ ਉਸ ਵੇਲੇ ਦਮ ਤੋੜਦਾ ਨਜ਼ਰ ਆਉਂਦਾ ਹੈ ਜਦੋਂ ਡੇਰਾ ਮੁਖੀ ਜੇਹਲ ਤੋਂ ਬਾਹਿਰ ਆਉਂਦਾ ਹੈ। ਇਸ ਸਬੰਧ ਵਿੱਚ ਸਾਨੂੰ ਮੁਗ਼ਲਾਂ ਦੇ ਆਖ਼ਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦਾ ਉਹ ਸ਼ੇਰ ਯਾਦ ਆਉਂਦਾ ਹੈ ਜੋ ਉਸਨੇ ਰੰਗੂਨ ਦੀ ਜੇਲ੍ਹ ਵਿੱਚ ਲਿਖਿਆ ਸੀ। ਉਸਨੂੰ ਅੰਗ੍ਰੇਜ਼ ਹਕੂਮਤ ਨੇ ਕੈਦ ਕੀਤਾ ਸੀ।

"ਕਭੀ ਜੋ ਮੈਂਨੇ ਤਸੱਵਰ ਕੀਆ ਰਿਹਾਈ ਕਾ,
ਬੁਲੰਦ ਹੋ ਗਈ ਦੀਵਾਰ ਕੈਦਖ਼ਾਨੇ ਕੀ"।

ਸਿੱਖ ਬੰਦੀਆਂ ਪ੍ਰਤੀ ਸਰਕਾਰ ਦੀ ਬੇਰੁਖ਼ੀ ਦੇਖਕੇ ਜਾਪਦਾ ਹੈ ਇਹ ਬੰਦੀ ਵੀ ਬਹਾਦਰ ਸ਼ਾਹ ਜ਼ਫ਼ਰ ਵਰਗੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਫ਼ਰਕ ਸਿਰਫ਼ ਏਨਾ ਹੈ ਕਿ ਜ਼ਫ਼ਰ ਨੂੰ ਅੰਗ੍ਰੇਜ਼ਾਂ ਨੇ ਕੈਦ ਕੀਤਾ ਸੀ ਜਦ ਕਿ ਸਿੱਖ ਬੰਦੀ ਆਪਣੀ ਹੀ ਸਰਕਾਰ ਦੇ ਕੈਦੀ ਹਨ। ਇਹਨਾਂ ਕੈਦੀਆਂ ਨੇ ਕਿਹੋ ਜਿਹੇ ਅਪਰਾਧ ਕੀਤੇ, ਅਸੀਂ ਇਸ ਮਾਮਲੇ ਵਿੱਚ ਨਹੀਂ ਪੈਣਾ ਚਾਹੁੰਦੇ। ਅਪਰਾਧ ਕੋਈ ਵੀ ਹੋਵੇ ਉਹ ਅਪਰਾਧ ਹੈ ਅਤੇ ਅਪਰਾਧੀ ਨੂੰ ਉਸਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ ਪਰ ਜਦੋਂ ਕੈਦੀਆਂ ਬਾਰੇ ਸਰਕਾਰ ਵੱਲੋਂ ਦੋਹਰੇ ਮਾਪਦੰਡ ਅਪਣਾਏ ਜਾਣ ਉਸ ਵੇਲੇ ਆਪਣੇ ਹੀ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਹੋਣਾ ਲਾਜ਼ਮੀ ਹੈ। ਰਾਮ ਰਹੀਮ ਦੀ ਰਿਹਾਈ ਅਕਸਰ ਉਸ ਵੇਲੇ ਹੁੰਦੀ ਹੈ ਜਦੋਂ ਚੋਣਾਂ ਦਾ ਮਾਹੌਲ ਹੁੰਦਾ ਹੈ। ਹੁਣ ਵੀ ਉਸ ਨੂੰ ਜੇਕਰ ਪੈਰੋਲ ਮਿਲੀ ਤਾਂ ਇਸਦਾ ਸਿੱਧਾ ਸਬੰਧ ਲੋਕ ਸਭਾ ਚੋਣਾਂ ਦੇ ਨਾਲ ਹੈ। ਪੈਰੋਲ ਦੇ 50 ਦਿਨਾਂ ਦਾ ਸਮਾਂ ਉਹ ਯੂ.ਪੀ ਦੇ ਬਾਗਪਤ ਜ਼ਿਲ੍ਹੇ 'ਚ ਸਥਿਤ ਆਪਣੇ ਆਸ਼ਰਮ ਵਿੱਚ ਗੁਜ਼ਾਰੇਗਾ। ਉਸਦਾ ਯੂ.ਪੀ, ਹਰਿਆਣਾ ਅਤੇ ਪੰਜਾਬ ਵਿੱਚ ਪ੍ਰਭਾਵ ਹੋਣ ਕਾਰਣ ਵੱਡੀ ਗਿਣਤੀ ਵਿੱਚ ਉਸਦੇ ਸ਼ਰਧਾਲੂ ਹਨ। ਯੂ.ਪੀ ਵਿੱਚ ਲੋਕਸਭਾ ਦੀਆਂ 80 ਸੀਟਾਂ ਹਨ ਅਤੇ ਯੂ.ਪੀ ਬਾਰੇ ਕਿਹਾ ਜਾਂਦਾ ਹੈ ਕਿ ਜਿਸ ਪਾਰਟੀ ਨੇ ਯੂ.ਪੀ ਨੂੰ ਜਿੱਤ ਲਿਆ, ਕੇਂਦਰ ਵਿੱਚ ਉਸਦੀ ਸਰਕਾਰ ਬਣ ਗਈ। ਇਸ ਵਿੱਚ ਦੋ ਰਾਵਾਂ ਨਹੀਂ ਕਿ ਮੋਦੀ ਸਰਕਾਰ ਸੱਤਾ ਦੀ ਹੈਟ੍ਰਿਕ ਬਣਾਉਣ ਲਈ ਕੁੱਝ ਵੀ ਕਰਨ ਲਈ ਤਿਆਰ ਹੈ। ਇਸਦੀ ਮਿਸਾਲ ਰਾਮ ਮੰਦਿਰ ਹੈ। ਸਰਕਾਰ ਨੇ ਸਿਆਸੀ ਫ਼ਾਇਦੇ ਲਈ ਜਿਸ ਤਰ੍ਹਾਂ ਭਗਵਾਨ ਰਾਮ ਦਾ ਸਹਾਰਾ ਲਿਆ, ਅਜਿਹਾ ਦੇਸ਼ ਵਿੱਚ ਪਹਿਲਾਂ ਕਦੀ ਨਹੀਂ ਹੋਇਆ। ਇਸ ਲਿਹਾਜ਼ ਨਾਲ ਰਾਮ ਰਹੀਮ ਦੀ ਰਿਹਾਈ ਸਰਕਾਰ ਲਈ ਜ਼ਰੂਰੀ ਸੀ। ਇਸ ਮਾਮਲੇ ਨੂੰ ਜੇਕਰ ਥੋਹੜਾ ਸਿੱਖ ਰਾਜਨੀਤੀ ਨਾਲ ਜੋੜਕੇ ਵੇਖੀਏ ਤਾਂ ਸਰਕਾਰ ਸਿੱਖ ਬੰਦੀਆਂ ਨੂੰ ਰਿਹਾਅ ਕਰਕੇ ਅਕਾਲੀ ਦਲ ਨੂੰ ਚੁਣਾਵੀ ਫ਼ਾਇਦਾ ਦੇਣਾ ਨਹੀਂ ਚਾਹੁੰਦੀ। ਭਾਵੇਂ ਸਰਕਾਰ ਨੂੰ ਵੀ ਰਿਹਾਈ ਦਾ ਫ਼ਾਇਦਾ ਮਿਲ ਸਕਦਾ ਹੈ ਪਰ ਅਕਾਲੀ ਦਲ ਨੂੰ ਇਸਦਾ ਹਰ ਹਾਲ ਵਿੱਚ ਕ੍ਰੈਡਿਟ ਮਿਲਣਾ ਯਕੀਨੀ ਹੈ ਜੋ ਸਰਕਾਰ ਨਹੀਂ ਚਾਹੁੰਦੀ। ਹਾਂ, ਜੇ ਅਕਾਲੀ ਦਲ ਅਤੇ ਭਾਜਪਾ ਦਾ ਚੋਣ ਗਠਜੋੜ ਹੋ ਗਿਆ ਤਾਂ ਸਿੱਖ ਬੰਦੀਆਂ ਦੀ ਘਰ ਵਾਪਸੀ ਤੈਅ ਹੈ।

ਬਾਲ ਅਵਸਥਾ ਵਿੱਚ ਵੱਡੇ ਟੀਚੇ ਪ੍ਰਾਪਤ ਕਰ ਗਏ: ਸੰਤ ਬਾਬਾ ਹੰਸ ਰਾਜ ਜੀ

ਨਾਮ ਜਪਣ ਦੀ ਕੋਈ ਵੀ ਸੀਮਾ ਨਿਸ਼ਚਿਤ ਨਹੀਂ ਹੈ ਅਤੇ ਨਾ ਹੀ ਕੋਈ ਉਮਰ ਕਈ ਵਾਰ ਮਨਮੁੱਖ ਤਾਂ ਇਕ ਪਾਸੇ ਸਗੋਂ ਵਿਦਵਾਨ ਵੀ ਟਪਲਾ ਖਾਂ ਜਾਂਦੇ ਹਨ ਕਿ ਇੰਨੀ ਬਾਲੜੀ ਉਮਰ ਅਤੇ ਪ੍ਰਭੂ ਉਪਦੇਸ਼ ਕਿਵੇਂ ਹੋ ਸਕਦੇ ਹਨ। ਲੇਕਿਨ ਬਹੁਤ ਸਾਰੀਆਂ ਪ੍ਰਮਾਣਿਕ ਉਦਾਹਰਣਾ ਇਹਨਾਂ ਭੁਲੇਖਿਆਂ ਨੂੰ ਦੂਰ ਕਰ ਦਿੰਦੀਆਂ ਹਨ। ਬਾਲਗੁਰੂ, ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਪਾਤਿਸ਼ਾਹ, ਬਾਲ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਪਿਤਾ ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਨੂੰ ਧਰਮ ਦੀ ਖਾਤਰ ਕੁਰਬਾਨੀ ਕਰਨ ਲਈ ਬੇਨਤੀ ਕਰਨਾ, ਧਰੁਵ ਵੱਲੋਂ ਬਾਲ ਅਵਸਥਾ ਵਿੱਚ ਭਗਤੀ ਕਰਕੇ ਪਰਮਾਤਮਾ ਨੂੰ ਪਾਉਣਾ, ਬਾਲ ਅਵਸਥਾ ਵਿੱਚ ਸਾਹਿਬਜ਼ਾਦਿਆਂ ਵੱਲੋਂ ਬੇਮਿਸਾਲ ਲਾਸਾਨੀ ਅਤੇ ਅਨੂਠੀ ਕੁਰਬਾਨੀ ਚਾਨਣ ਮੁਨਾਰੇ ਹਨ। ਇਸੇ ਤਰ੍ਹਾਂ ਪਿੰਡ ਪੰਡਵਾ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੇ ਨਿਵਾਸੀ ਸ੍ਰੀਮਾਨ ਪ੍ਰੀਤਮ ਦਾਸ ਅਤੇ ਬੀਬੀ ਦਲੀਪ ਕੌਰ ਦੇ ਗ੍ਰਹਿ ਵਿਖੇ 7 ਮਾਘ 1962 ਨੂੰ ਜੇਠੇ ਐਤਵਾਰ ਨੂੰ ਬਾਬਾ ਹੰਸ ਰਾਜ ਜੀ ਨੇ ਜਨਮ ਲਿਆ। ਆਪ ਜੀ ਦੇ ਚਿਹਰੇ ਤੇ ਨੂਰਾਨੀ ਨੂਰ, ਸਿਰ ਤੇ ਸੁਨਹਿਰੀ ਯੋਗ ਬੁੱਲੀਆਂ ਤੇ ਮੰਦ ਮੰਦ ਮੁਸਕਾਨ ਅਤੇ ਅੱਖੀਆਂ ਵਿੱਚ ਗਜ਼ਬ ਦੀ ਚਮਕ ਸੀ। ਇਹਨਾਂ ਇਲਾਹੀ ਗੁਣਾਂ ਨੂੰ ਸੰਭਾਲਣਾ ਆਮ ਇਨਸਾਨ ਦੇ ਵੱਸ ਦੀ ਗੱਲ ਨਹੀਂ ਹੈ। ਆਪ ਜੀ ਦੇ ਮਾਤਾ-ਪਿਤਾ ਸੰਤ ਸਾਧੂ ਸਿੰਘ ਜੀ ਫਲਾਹੀ ਵਾਲਿਆਂ ਕੋਲ ਪਿੰਡ ਨਾਗਰਾ ਲੈ ਕੇ ਗਏ। ਸੰਤਾਂ ਨੇ ਮਾਤਾ ਦਲੀਪ ਕੌਰ ਨੂੰ ਆਖਿਆ ਕਿ ਆਪ ਦਾ ਸਹੁਰਾ ਪਰਿਵਾਰ ਮਾਤਾ ਦੇ ਦਰਬਾਰ ਤੇ ਛੱਤਰਾ (ਭੇਡੂ) ਦੀ ਬਲੀ ਦਿੰਦੇ ਸਨ। ਉਹ ਤੁਸੀਂ ਕਿਉਂ ਨਹੀਂ ਦਿੰਦੇ? ਇਹ ਭੇਟ ਤਿੰਨ ਸਾਲ ਬਾਅਦ ਦਿੱਤੀ ਜਾਂਦੀ ਹੈ। ਇਹ ਸਾਰੇ ਰਲ ਮਿਲ ਕੇ ਭੇਟ ਦਿਓ। ਮਾਤਾ ਦਲੀਪ ਕੌਰ ਜੀ ਨੇ ਆਖਿਆ, "ਮਹਾਰਾਜ ਜੀ, ਅਸੀਂ ਇਹ ਭੇਟ ਬਖ਼ਸ਼ਾ ਲਈ ਹੈ। ਅਸੀਂ ਜੀਵ ਹੱਤਿਆ ਨਹੀਂ ਕਰਨਾ ਚਾਹੁੰਦੇ। ਜਿਸ ਜੀਵ ਦੀ ਅਸੀਂ ਸੰਤਾਨ ਲਈ ਹੱਤਿਆ ਕਰਦੇ ਹਾਂ, ਉਹ ਸਾਨੂੰ ਕੀ ਆਸੀਸ ਦੇਵੇਗਾ। ਇਸ ਲਈ ਸਾਨੂੰ ਕੋਈ ਹੋਰ ਸੇਵਾ ਬਖ਼ਸ਼ੋ ਉਹ ਅਸੀਂ ਮਨਜ਼ੂਰ ਕਰਾਂਗੇ।" ਸੰਤ ਸਾਧੂ ਸਿੰਘ ਜੀ ਨੇ ਆਖਿਆ, ਦਲੀਪ ਕੌਰੇ ਆਪ ਧੰਨ ਹੋ। ਆਪ ਸਹੀ ਅਰਥਾਂ ਵਿੱਚ ਮਾਤਾ ਹੋ। ਜੋ ਜੀਵ ਜੰਤੂਆਂ ਵਿੱਚ ਵੀ ਆਪਣੇ ਪੁੱਤਰਾਂ ਨੂੰ ਵੇਖਦੇ ਹੋ ਅਤੇ ਉਹਨਾਂ ਉਤੇ ਦਇਆ ਕਰਦੇ ਹੋ:-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਆਪ ਜੀ ਦੇ ਘਰ ਸਾਧੂਆਂ ਦੇ ਫਿਰਕਾ ਪੇ ਚੁੱਕਾ ਹੈ ਤੁਸੀਂ ਨਾਮ ਦੀ ਸੇਵਾ ਕਰੋ, ਘਰ ਵਿੱਚ ਮੀਟ, ਸ਼ਰਾਬ ਅਤੇ ਹੋਰ ਨਸ਼ਿਆਂ ਨੂੰ ਘਰ ਵਿੱਚ ਨਹੀਂ ਵਾੜਨਾ। ਨਾਮ ਬਾਣੀ ਦੀ ਕਮਾਈ ਕਦੇ ਵੀ ਘਟਦੀ ਨਹੀਂ ਹੈ ਸਗੋਂ ਵਧਦੀ ਹੈ।

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥

ਸਤ ਬਚਨ ਕਹਿ ਕੇ ਮਾਤਾ ਜੀ ਘਰ ਆ ਗਏ। ਜਦੋਂ ਆਪ ਦੇ ਘਰ ਮਹਿੰਦਰ ਪਾਲ ਨੇ ਜਨਮ ਲਿਆ ਤਾਂ ਮਾਤਾ ਦਲੀਪ ਕੌਰ ਫਿਰ ਸੰਤਾਂ ਕੋਲ ਗਏ। ਸੰਤਾਂ ਨੇ ਆਖਿਆ, ਆਪ ਦੇ ਘਰ ਵਡੋਰਿਆਂ ਵਿੱਚ ਸੰਤ ਸਨ ਉਹ ਕੋਈ ਪਰਮ ਕਰਮ ਦਾ ਵਿਸ਼ੇਸ਼ ਕਾਰਜ ਕਰਨ ਲਈ ਜਨਮੇ ਹਨ। ਉਹ ਪ੍ਰਮੇਸ਼ਵਰ ਦਾ ਰੂਪ ਹੈ। ਆਪ ਉਤੇ ਮਿਹਰ ਦੀ ਕਿਰਪਾ ਹੋ ਚੁੱਕੀ ਹੈ। ਆਪ ਦੇ ਗ੍ਰਹਿ ਵਿਖੇ ਸਤਿਗੁਰਾਂ ਦੀ ਮਿਹਰ ਦੀ ਗੰਗਾ ਵਗ ਚੁੱਕੀ ਹੈ ਆਪ ਉਸ ਵਿੱਚ ਇਸ਼ਨਾਨ ਕਰੋ ਅਤੇ ਦੂਸਰਿਆਂ ਨੂੰ ਇਸ਼ਨਾਨ ਕਰਨ ਦੀ ਪ੍ਰੇਰਣਾ ਦਿਓ। ਇਹਨਾਂ ਬਚਨਾਂ ਤੋਂ ਮਾਤਾ ਦਲੀਪ ਕੌਰ ਅਤੇ ਪਿਤਾ ਪ੍ਰੀਤਮ ਦਾਸ ਨੂੰ ਸੰਤ ਬਾਬਾ ਹੰਸ ਰਾਜ ਜੀ ਦੀ ਅਸਲੀ ਪਛਾਣ ਹੋਈ। ਇਹ ਸਭ ਸੰਜੋਗਾਂ ਦੀ ਖੇਡ ਹੈ।

ਸਾਧ ਕੈ ਸੰਗਿ ਮਿਟੇ ਸਭਿ ਰੋਗ॥
ਨਾਨਕ ਸਾਧ ਭੇਟੇ ਸੰਜੋਗ॥

ਸੰਤ ਬਾਬਾ ਹੰਸ ਰਾਜ ਜੀ ਨੇ ਘਰ ਵਿੱਚ ਆਪਣੇ ਗੁਣ ਪ੍ਰਗਟ ਕਰਦਿਆਂ ਘਰ ਵਿੱਚ ਹੁੱਕੇ ਦਾ ਪ੍ਰਯੋਗ ਬੰਦ ਕਰਾ ਦਿੱਤਾ। ਪੀੜ੍ਹੀ ਉੱਤੇ ਕੱਪੜਾ ਪਾ ਕੇ ਕਹਿਣਾ ਕਿ ਇੱਥੇ ਸਾਡੇ ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਹਨ। ਮੱਥਾ ਟੇਕੋ। ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ ਦਾ ਜਾਪ ਸ਼ੁਰੂ ਕਰਨ ਦੀ ਬੇਨਤੀ ਕਰਨੀ ਪੰਕਤੀਆਂ ਬਣਾ ਕੇ ਬੱਚਿਆਂ ਨੂੰ ਖਾਣ ਪੀਣ ਨੂੰ ਦੇਣਾ ਅਤੇ ਲੰਗਰ ਛਕਣ ਲਈ ਕਹਿਣਾ ਚਾਰ ਸਾਲ ਵਿੱਚ ਸੰਗਤ ਅਤੇ ਪੰਗਤ ਦੇ ਸਿਧਾਂਤ ਨੂੰ ਜ਼ਾਹਿਰ ਕਰ ਦਿੱਤਾ। ਜੰਡਿਆਲੇ ਦਾ ਗੁਰਦਿਆਲ ਸਿੰਘ ਆਪ ਜੀ ਦੇ ਪਿਤਾ ਕੋਲ ਕਿਸੇ ਕੰਮ ਲਈ ਆਇਆ ਤਾਂ ਆਪ ਨੇ ਉਹਨਾਂ ਦੋਨਾਂ ਨੂੰ ਆਖਿਆ ਕਿ ਆਹ ਗੁਟਕਾ ਲਵੋ, ਪਾਠ ਕਰੋ, ਆਪ ਦੀ ਮਨੋਕਾਮਨਾ ਪੂਰੀ ਹੋਵੇਗੀ। ਗੁਰਦਿਆਲ ਸਿੰਘ ਨੇ ਆਖਿਆ ਮਹਾਰਾਜ ਜੀ ਅਸੀਂ ਕਿਸੇ ਤੋਂ ਪੈਸੇ ਲੈਣ ਜਾ ਰਹੇ ਹਾਂ। ਦੱਸੋ ਸਾਨੂੰ ਪਾਠ ਕਰਨ ਨਾਲ ਪੈਸੇ ਮਿਲ ਜਾਣਗੇ। ਬਾਬਾ ਜੀ ਨੇ ਆਖਿਆ, "ਪਾਠ ਤਾਂ ਸ਼ੁਰੂ ਕਰੋ, ਫਿਰ ਦੇਖੋ। ਆਪ ਬੂਟਾ ਲਗਾਉਣ। ਉਣ ਤੋਂ ਪਹਿਲਾਂ ਹੀ ਫਲ ਖਾਣਾ ਚਾਹੁੰਦੇ ਹੋ।" ਜਿਓਂ ਹੀ ਗੁਰਦਿਆਲ ਸਿੰਘ ਨੇ ਗੁਟਕਾ ਖੋਲ੍ਹਿਆ, ਉਸ ਵਿੱਚੋਂ ਨੋਟਾਂ ਦੀ ਵਰਖਾ ਹੋਣ ਲੱਗ ਪਈ। ਇਹ ਦੇਖ ਕੇ ਸੰਤ ਬਾਬਾ ਹੰਸ ਰਾਜ ਜੀ ਨੇ ਆਖਿਆ," ਸਾਨੂੰ ਬਾਣੀ ਤੇ ਭਰੋਸਾ ਅਤੇ ਸ਼ਰਧਾ ਰੱਖ ਕੇ ਪਾਠ ਕਰਨਾ ਚਾਹੀਦਾ ਹੈ। ਸਾਡੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ।

ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਆਪ ਜੀ ਨੇ ਬੱਚਿਆਂ ਨਾਲ ਰਲ ਲੁਕਣ ਛਿਪਾਈ, ਲੁਕਣ ਮੀਟੀ ਖੇਡਣੀ। ਆਪ ਜਦੋਂ ਲੁਕ ਜਾਂਦੇ ਸਨ ਤਾਂ ਕਿਸੇ ਨੂੰ ਵੀ ਲੱਭਦੇ ਨਹੀਂ ਸਨ। ਬੱਚਿਆਂ ਨੇ ਪੂਰਾ ਜੋਰ ਲੱਭਣ ਵਿੱਚ ਲਾਉਣਾ। ਹਾਰ ਹੰਭ ਕੇ ਆਪ ਜੀ ਨੂੰ ਬੇਨਤੀ ਕਰਨੀ ਕਿ ਆਪ ਹੀ ਬਾਹਰ ਆ ਜਾਓ। ਫਿਰ ਆਪ ਨੇ ਕੋਲੋਂ ਹੀ ਪ੍ਰਗਟ ਹੋ ਜਾਣਾ। ਆਪ ਨੇ ਆਪਣੇ ਆਪ ਹੀ ਲੱਭਣ ਦੀ ਵਾਰੀ ਲੈ ਲੈਣੀ। ਆਪ ਨੇ ਅੱਖ ਦੇ ਫੋਰ ਵਿੱਚ ਸਭ ਨੂੰ ਲੱਭ ਲੈਣਾ। ਇਸ ਦਾ ਕਾਰਣ ਸਭ ਬੱਚਿਆਂ ਨੇ ਇਕੱਠੇ ਹੋ ਕੇ ਪੁੱਛਿਆ ਤਾਂ ਆਪ ਜੀ ਨੇ ਉਤੱਰ ਦਿੱਤਾ ਕਿ ਜਿਹਨਾਂ ਨੂੰ ਮੈਂ ਹਰ ਰੋਜ਼ ਮੱਥਾ ਟੇਕਦਾ ਹਾਂ ਉਹ ਆਪ ਜੀ ਨੂੰ ਲੱਭਣ ਵਿੱਚ ਮੇਰੀ ਮਦਦ ਕਰਦੇ ਹਨ ਅਤੇ ਲੱਕਣ ਵੇਲੇ ਮੈਨੂੰ ਉਹ ਆਪਣੀ ਗੋਦੀ ਵਿੱਚ ਛੁਪਾ ਲੈਂਦੇ ਹਨ। ਉਹ ਆਪ ਨੂੰ ਨਹੀਂ ਦਿਸਦੇ ਹਨ ਮੇਰਾ ਉਹਨਾਂ ਨਾਲ ਪਿਆਰ ਹੈ ਇਸ ਲਈ ਮੇਰੇ ਉਹ ਅੰਗ ਸੰਗ ਰਹਿੰਦੇ ਹਨ। ਜੇਕਰ ਤੁਸੀਂ ਵੀ ਉਸ ਨਾਲ ਪਿਆਰ ਕਰੋਗੇ ਤਾਂ ਉਹ ਵੀ ਮੇਰੇ ਵਾਲਾ ਵਿਵਹਾਰ ਆਪ ਨਾਲ ਕਰਨਗੇ। ਅਜਿਹੇ ਵਰਤਾਰੇ ਉਹ ਹਰ ਰੋਜ਼ ਬੱਚਿਆਂ ਨੂੰ ਦੱਸਦੇ। ਅਜਿਹੇ ਕ੍ਰਿਸ਼ਮੇ ਪ੍ਰਗਟ ਕਰਦੇ ਹੋਏ 7 ਭਾਦਰੋਂ 1969 ਨੂੰ ਪਰਿਵਾਰਕ ਮੈਂਬਰਾਂ ਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਕਰਾਉਂਦੇ ਹੋਏ ਉਸ ਪਰਮਪਿਤਾ ਪਰਮਾਤਮਾ ਦੀ ਗੋਦੀ ਵਿੱਚ ਸਦਾ ਲਈ ਲੀਨ ਹੋ ਗਏ। ਇਹ ਕੁਦਰਤ ਦਾ ਖੇਲ ਹੈ

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਮਾਸਟਰ ਸੋਮਰਾਜ (ਸਟੇਟ ਅਵਾਰਡੀ)
ਗੋਲਡ ਮੈਡਲਿਸਟ, ਭਗਤਪੁਰਾ,
ਫਗਵਾੜਾ, ਮੋ. 9463686289

1980 ਵਿੱਚ ਸੰਤ ਮਹਿੰਦਰ ਪਾਲ ਜੀ ਅਰਬ ਕੰਟਰੀ ਗਏ ਹੋਏ ਸਨ। ਉਥੇ ਉਹਨਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਸਰੋਵਰ ਉਸਾਰਨ ਲਈ ਦਰਸ਼ਨ ਦਿੰਦਿਆਂ ਫੁਰਮਾਨ ਕੀਤਾ। ਸੰਤ ਮਹਿੰਦਰ ਪਾਲ ਜੀ ਨੇ "ਸਤ ਬਚਨ" ਕਹਿਕੇ ਸੀਸ ਝੁਕਾ ਦਿੱਤਾ ਲੇਕਿਨ ਫਿਕਰ ਵਿੱਚ ਪੈ ਗਏ ਕਿ ਪ

ਪਾਤੜਾਂ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਮੀਟਿੰਗ

ਪਾਤੜਾਂ, 20 ਜਨਵਰੀ, (ਜਸਵਿੰਦਰ ਜਿਉਣਪੁਰਾ)- ਇਸ ਮੌਕੇ ਹਲਕਾ ਮੁਖੀ ਕਬੀਰ ਦਾਸ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਤ੍ਹਾ ਵਿੱਚ ਹੁੰਦਿਆਂ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦਿਆਂ ਨੂੰ ਪੂਰਾ ਕਰਦਿਆਂ ਆਟਾ ਦਾਲ, ਸ਼ਗਨ ਸਕੀਮ ਸਮੇਤ ਜਿੱਥੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਸਨ ਉੱਥੇ ਹੀ ਕਰੋੜਾਂ ਰੁਪਏ ਹਰ ਹਲਕੇ ਲਈ ਜਾਰੀ ਕਰਕੇ ਵਿਕਾਸ ਕਾਰਜ ਕਰਵਾਏ ਸਨ ਇਸ ਤੋਂ ਇਲਾਵਾ ਹਰ ਸ਼ਹਿਰ ਅਤੇ ਪਿੰਡਾਂ ਵਿੱਚ ਸੇਵਾ ਕੇਂਦਰ ਖੋਲ੍ਹ ਕੇ ਲੋਕਾਂ ਦੇ ਕੰਮ ਉਨ੍ਹਾਂ ਦੇ ਘਰਾਂ ਕੋਲ ਹੀ ਕੀਤੇ ਜਾਣ ਦੀ ਸਹੂਲਤ ਦਿੱਤੀ ਸੀ ਪਰ ਇਨ੍ਹਾਂ ਸੇਵਾ ਕੇਂਦਰ ਨੂੰ ਜਿੱਥੇ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤਾ ਹੈ ਉੱਥੇ ਹੀ ਲੋਕਾਂ ਨੂੰ ਬਹੁਤ ਸਾਰੇ ਸੁਪਨੇ ਦਿਖਾ ਕੇ ਸਤ੍ਹਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਕਾਲੀ ਦਲ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਬੰਦ ਕਰ ਦਿੱਤਾ ਹੈ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਦੁਖੀ ਪੰਜਾਬ ਦੇ ਲੋਕ ਅਕਾਲੀ ਦਲ ਵੱਲ ਆਉਣ ਲੱਗੇ ਹਨ ਜਿਸ ਦੀ ਮਿਸਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਵਿੱਚ ਲੋਕਾਂ ਦੇ ਹੋ ਰਹੇ ਆਪ ਮੁਹਾਰੇ ਇਕੱਠਾਂ ਤੋਂ ਸਾਫ ਦਿਖਾਈ ਦੀ ਰਹੀ ਹੈ ਉਨ੍ਹਾਂ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਨੂੰ ਮਜਬੂਤ ਕਰਨ ਲਈ ਹਰ ਵਰਗ ਦੇ ਘਰਾਂ ਤੱਕ ਪਹੁੰਚ ਕਰਨ ਤਾਂ ਜੋ ਅਕਾਲੀ ਦਲ ਨੂੰ ਲੋਕ ਸਭਾਂ ਵੱਚ ਜਿਤਾ ਕੇ ਹੋਰ ਮਜਬੂਤ ਕੀਤਾ ਜਾ ਸਕੇ ਅਤੇ ਫਿਰ ਤੋਂ ਪਾਰਟੀ ਨੂੰ ਸਤ੍ਹਾ ਵਿੱਚ ਲਿਆਉਣ ਦਾ ਰਾਹ ਪੱਧਰਾ ਕੀਤਾ ਜਾ ਸਕੇ ਇਸ ਮੌਕੇ ਮਹਿੰਦਰ ਸਿੰਘ ਲਾਲਵਾ ਸਾਬਕਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ, ਜਗਮੀਤ ਸਿੰਘ ਹਰਿਆਊ ਸੀਨੀਅਰ ਯੂਥ ਅਕਾਲੀ ਆਗੂ, ਗੋਬਿੰਦ ਸਿੰਘ ਵਿਰਦੀ ਪ੍ਰਧਾਨ ਸ਼ਹਿਰੀ, ਗੁਰਦੀਪ ਸਿੰਘ ਖਾਂਗ ਪ੍ਰਧਾਨ ਦਿਹਾਤੀ ਪਾਤੜਾਂ, ਜੋਗਾ ਸਿੰਘ ਸਿੱਧੂ ਮੈਬਰ ਜਨਰਲ ਕੌਂਸਲ, ਗੁਰਦੀਪ ਸਿੰਘ ਡਰੌਲੀ, ਗੁਰਬਚਨ ਸਿੰਘ ਮੌਲਵੀਵਾਲਾ, ਬਲਿਹਾਰ ਸਿੰਘ ਹਰਿਆਊ, ਜਥੇਦਾਰ ਸੁਖਦੇਵ ਸਿੰਘ ਜਿਉਣਪੁਰਾ, ਜਥੇਦਾਰ ਰਣਧੀਰ ਸਿੰਘ ਮਵੀ, ਸੁਖਵਿੰਦਰ ਸਿੰਘ ਬਰਾਸ ਪ੍ਰਧਾਨ ਦਿਹਾਤੀ ਘੱਗਾ, ਰਣਜੀਤ ਸਿੰਘ ਸ਼ਾਹੀ ਪ੍ਰਧਾਨ ਸ਼ਹਿਰੀ ਘੱਗਾ, ਗੁਰਿੰਦਰ ਸਿੰਘ ਭੰਗੂ ਪ੍ਰਧਾਨ ਬਾਦਸ਼ਾਹਪੁਰ ਸਰਕਲ, ਕਰਿਸ਼ਨ ਸਿੰਘ ਦੁਗਾਲ, ਦਲਜੀਤ ਸਿੰਘ ਸਾਗਰਾ, ਜਗਦੀਸ਼ ਰਾਏ ਪੱਪੂ, ਕੁਲਦੀਪ ਸਿੰਘ ਰੇਡੂ, ਪ੍ਰੇਮ ਚੰਦ ਨਵਾਂਗਾਉ, ਮੰਗਾ ਸਿੰਘ ਪਾਤੜਾਂ, ਨਰਿੰਦਰ ਸਿੰਘ ਬਜਾਜ ਅਤੇ ਬਲਦੇਵ ਸਿੰਘ ਖਾਂਨੇਵਾਲ ਆਦਿ ਮਜੂਦ ਸਨ।

ਗੁਰਦੁਆਰਾ ਸ਼ਹੀਦ ਸਿੰਘਾਂ ਭੱਟੋਂ ਵਿਖੇ ਸਾਲਾਨਾ ਧਾਰਮਿਕ ਸਮਾਗਮ ਆਯੋਜਿਤ

ਨੂਰਪੁਰਬੇਦੀ, 20 ਜਨਵਰੀ (ਜਗਤਾਰ ਜੱਗੀ, ਗੁਰਦੀਪ ਝੱਜ)- ਗੁਰਦੁਆਰਾ ਸ਼ਹੀਦ ਸਿੰਘਾਂ ਭੱਟੋਂ ਵਿਖੇ ਸ਼ਹੀਦਾਂ ਦੀ ਯਾਦ 'ਚ ਸਮੂਹ ਪਿੰਡ ਵਾਸੀਆਂ ਵੱਲੋਂ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ ਇਸ ਮੌਕੇ ਸਭ ਤੋਂ ਪਹਿਲਾਂ ਆਰੰਭ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਬਾਬਾ ਅਵਤਾਰ ਸਿੰਘ ਨੇ ਸ਼ਹੀਦ ਸਿੰਘਾਂ ਨੂੰ ਯਾਦ ਕਰਦਿਆਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਸਾਨੂੰ ਇਨ੍ਹਾਂ ਮਹਾਨ ਸ਼ਹੀਦ ਸਿੰਘਾਂ ਨੂੰ ਹਮੇਸ਼ਾ-ਹਮੇਸ਼ਾ ਲਈ ਯਾਦ ਰੱਖਣਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਕਨਵੀਨਰ ਰਾਣਾ ਨੇ ਆਖਿਆ ਮਹਾਰਾਜ ਰਣਜੀਤ ਸਿੰਘ ਦੀਆਂ ਨੂਰਪੁਰਬੇਦੀ ਖੇਤਰ ਦੇ ਵੱਖ-ਵੱਖ ਸਥਾਨਾਂ 'ਚ ਸ਼ਾਮਲ ਅਬਿਆਣਾ, ਨੂਰਪੁਰਬੇਦੀ ਅਤੇ ਭਲਾਣ ਵਿਖੇ ਵੀ ਪੁਰਾਤਨ ਚੌਕੀਆਂ ਸਥਾਪਿਤ ਹਨ ਅਤੇ ਇਸ ਅਨਮੋਲ ਵਿਰਾਸਤ ਨੂੰ ਸੰਭਾਲਣ ਦੀ ਜ਼ਰੂਰਤ ਹੈ ਇਸ ਮੌਕੇ ਸੰਗਤਾਂ ਲਈ ਅਤੁੱਟ ਲੰਗਰ ਲਗਾਇਆ ਗਿਆ ਅਤੇ ਪ੍ਰਬੰਧਕਾਂ ਨੇ ਕਨਵੀਨਰ ਗੌਰਵ ਰਾਣਾ ਸਹਿਤ ਹੋਰਨਾਂ ਸਖਸ਼ੀਅਤਾਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਸਮਾਗਮ ਦੌਰਾਨ ਸਾਬਕਾ ਸਰਪੰਚ ਬਲਵੀਰ ਭੱਟੋਂ, ਸਾਬਕਾ ਸਰਪੰਚ ਗੁਰਮੇਲ ਭੱਟੋਂ, ਪੰਚ ਤਰਸੇਮ, ਦਰਸ਼ਨ ਧਾਮੀ, ਹਰਪ੍ਰੀਤ ਭੱਟੋਂ, ਤਾਰਾ ਧਾਮੀ, ਦਵਿੰਦਰ ਰੰਧਾਵਾ, ਹਰਜਿੰਦਰ ਧਾਮੀ, ਸੁਰਿੰਦਰ ਸਿੰਘ ਤੇ ਬੱਲੂ ਧਾਮੀ ਸਹਿਤ ਭਾਰੀ ਸੰਖਿਆ 'ਚ ਸੰਗਤਾਂ ਹਾਜ਼ਰ ਸਨ।

ਵੈਟਨਰੀ ਯੂਨੀਵਰਸਿਟੀ ਵਿਖੇ ਪਸ਼ੂ ਰੋਗ ਨਿਰੀਖਣ ਬਾਰੇ ਸਿਖਲਾਈ ਸੰਪਨ ਹੋਈ

ਫੋਟੋ-ਅਮਰੀਕ ਸਿੰਘ ਪ੍ਰਿੰਸ

ਲੁਧਿਆਣਾ, 20 ਜਨਵਰੀ, (ਕੁਲਵਿੰਦਰ ਸਿੰਘ ਸਲੇਮ ਟਾਬਰੀ, ਰਾਮ ਰਾਜਪੂਤ)- ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੇ ਪੰਜ ਦਿਨਾਂ ਸਿਖਲਾਈ ਪ੍ਰੋਗਰਾਮ ਵਿੱਚ ਮੱਧ ਪ੍ਰਦੇਸ਼ ਦੇ ਪਸ਼ੂ ਪਾਲਣ ਵਿਭਾਗ ਦੇ 10 ਵੈਟਨਰੀ ਅਫ਼ਸਰਾਂ ਨੂੰ ਸਿਖਲਾਈ ਦਿੱਤੀ ਯੂਨੀਵਰਸਿਟੀ ਦੇ ਪਸ਼ੂ ਬਿਮਾਰੀ ਖੋਜ ਕੇਂਦਰ, ਵੈਟਨਰੀ ਸਰਜਰੀ ਅਤੇ ਰੇਡੀਓਲੋਜੀ ਵਿਭਾਗ ਅਤੇ ਪਸਾਰ ਸਿੱਖਿਆ ਨਿਰਦੇਸ਼ਾਲੇ ਵੱਲੋਂ ਪ੍ਰਯੋਗਸ਼ਾਲਾ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਪਸ਼ੂ ਰੋਗ ਨਿਰੀਖਣ ਸੰਬੰਧੀ ਨਵੀਨ ਰੁਝਾਨ ਵਿਸ਼ੇ ਤੇ ਸਿਖਲਾਈ ਕਰਵਾਈ ਗਈ ਡਾ. ਮਨਦੀਪ ਸਿੰਘ ਬੱਲ, ਇੰਚਾਰਜ,ਪਸ਼ੂ ਬਿਮਾਰੀ ਖੋਜ ਕੇਂਦਰ ਅਤੇ ਸਿਖਲਾਈ ਦੇ ਕੋਰਸ ਨਿਰਦੇਸ਼ਕ ਨੇ ਦੱਸਿਆ ਕਿ ਪਸ਼ੂਆਂ ਨੂੰ ਸੂਖਮ ਜੀਵਾਂ ਅਤੇ ਪਰਜੀਵੀਆਂ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਪ੍ਰਯੋਗਸ਼ਾਲਾ ਜਾਂਚ ਦੇ ਨਾਲ ਪਿਸ਼ਾਬ ਵਿਸ਼ਲੇਸ਼ਣ ਅਤੇ ਇਸਦੀ ਵਿਆਖਿਆ ਬਾਰੇ ਵਿਹਾਰਕ ਸਿਖਲਾਈ ਦੇ ਨਾਲ ਨਾਲ ਤਜਰਬਾ ਵੀ ਪ੍ਰਦਾਨ ਕੀਤਾ ਗਿਆ ਡਾ.ਵਿਸ਼ਾਲ ਮਹਾਜਨ ਨੇ ਪਸ਼ੂਆਂ ਦੀਆਂ ਬਿਮਾਰੀਆਂ ਦੇ ਫੈਲਣ ਦੌਰਾਨ ਨਮੂਨੇ ਇਕੱਠੇ ਕਰਨ ਅਤੇ ਭੇਜਣ ਬਾਰੇ ਸਿਖਲਾਈ ਦਿੱਤੀ ਡਾ.ਨਵਦੀਪ ਸਿੰਘ ਨੇ ਰੇਡੀਓਗ੍ਰਾਫੀ ਅਤੇ ਅਲਟਰਾਸੋਨੋਗ੍ਰਾਫੀ ਨਾਲ ਸਬੰਧਤ ਆਧੁਨਿਕ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ ਪ੍ਰਤੀਭਾਗੀਆਂ ਨੂੰ ਯੂਨੀਵਰਸਿਟੀ ਵੈਟਨਰੀ ਹਸਪਤਾਲ ਵਿਖੇ ਆਉਣ ਵਾਲੇ ਰੋਜ਼ਾਨਾ ਦੇ ਕੇਸਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਡਾ.ਪ੍ਰਕਾਸ਼ ਸਿੰਘ ਬਰਾੜ,ਨਿਰਦੇਸ਼ਕ ਪਸਾਰ ਸਿੱਖਿਆ ਨੇ ਸਿਖਲਾਈ ਦੇ ਸਫ਼ਲਤਾਪੂਰਵਕ ਸੰਪੂਰਨ ਹੋਣ ਤੇ ਪ੍ਰਤੀਭਾਗੀਆਂ ਨੂੰ ਵਧਾਈ ਦਿੱਤੀ ਉਨ੍ਹਾਂ ਦੱਸਿਆ ਕਿ ਖੇਤਰ ਵਿੱਚ ਕੰਮ ਕਰਦੇ ਵੈਟਨਰੀ ਡਾਕਟਰਾਂ ਲਈ ਅਜਿਹੀਆਂ ਸਿਖਲਾਈਆਂ ਬਹੁਤ ਮਹੱਤਵ ਰੱਖਦੀਆਂ ਹਨ ਅਜਿਹੀ ਸਿਖਲਾਈ ਬਿਮਾਰੀਆਂ ਦੇ ਨਿਰੀਖਣ ਵਿੱਚ ਸਹਾਇਤਾ ਕਰੇਗੀ ਜੋ ਪਸ਼ੂ ਪਾਲਕਾਂ ਨੂੰ ਸਮੁੱਚੀ ਪਸ਼ੂ ਸਿਹਤ ਸੰਭਾਲ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਵਿੱਚ ਮਦਦ ਕਰੇਗੀ ਸਿਖਿਆਰਥੀਆਂ ਨੇ ਯੂਨੀਵਰਸਿਟੀ ਦੇ ਵੈਟਨਰੀ ਹਸਪਤਾਲ ਵਿੱਚ ਉਪਲਬਧ ਨਿਰੀਖਣ ਸਹੂਲਤਾਂ ਦੀ ਸ਼ਲਾਘਾ ਕੀਤੀ ਸਿਖਲਾਈ ਦਾ ਸੰਚਾਲਨ ਡਾ. ਗੁਰਸਿਮਰਨ ਫਿਲੀਆ ਅਤੇ ਡਾ. ਅਮਨਦੀਪ ਸਿੰਘ ਨੇ ਕੀਤਾ।

ਕਾਂਗਰਸ ਨੂੰ ਝਟਕਾ ਦਰਜਨਾਂ ਪੰਚ ਸਰਪੰਚ ਆਪ 'ਚ ਸ਼ਾਮਿਲ

ਦੇਵੀਗੜ੍ਹ, 20 ਜਨਵਰੀ, (ਵਿਜੈ ਕੁਮਾਰ ਸ਼ਰਮਾ)- ਕਾਂਗਰਸ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਹਲਕਾ ਸਨੌਰ ਤੋਂ ਬਲਾਕ ਭੁਨਰਹੇੜੀ ਦੇ ਕਈ ਪਿੰਡਾਂ ਦੇ ਦਰਜਨਾਂ ਪੰਚ-ਸਰਪੰਚ ਮਾਨ ਸਰਕਾਰ ਦੇ ਲੋਕ ਹਿਤ ਫੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਐਮਐਲਏ ਸਨੌਰ ਹਰਮੀਤ ਸਿੰਘ ਪਠਾਣ ਮਾਜਰਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਚ ਸ਼ਾਮਿਲ ਹੋ ਗਏ

ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਸ਼ਾਮਿਲ ਹੋਣ ਵਾਲੇ ਸਰਪੰਚਾਂ ਨੂੰ ਸਿਰਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ ਇਸ ਮੌਕੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੰਮਾਂ ਅਤੇ ਲੋਕਾਂ ਦੇ ਹਿੱਤਾਂ ਲਈ ਲਏ ਗਏ ਫ਼ੈਸਲਿਆਂ ਤੋਂ ਲੋਕ ਪ੍ਰਭਾਵਿਤ ਹੋਕੇ ਆਪ ਪਾਰਟੀ ਦਾ ਪੱਲਾ ਫੜ ਰਹੇ ਹਨ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾ ਰਹੇ ਹਨ ਜਿਨ੍ਹਾਂ ਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਕਾਰਜ ਲਗਾਤਾਰ ਜਾਰੀ ਹੈ ਅਤੇ ਵਿਦੇਸ਼ਾਂ ਤੋਂ ਵੱਡੀਆਂ ਕੰਪਨੀਆਂ ਦੇ ਮਾਲਕ ਪੰਜਾਬ ਵਿੱਚ ਨਿਵੇਸ਼ ਕਰਨ ਦਾ ਫੈਸਲਾ ਕਰ ਰਹੀਆਂ ਹਨ ਜੋ ਕਿ ਵਪਾਰੀ ਵਰਗ ਦੇ ਲਈ ਅਤੇ ਘੱਟ ਪੜ੍ਹੇ ਲਿਖੇ ਨੌਜਵਾਨਾਂ ਲਈ ਵਰਦਾਨ ਸਾਬਿਤ ਹੋਵੇਗਾ ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੀਆਂ ਸਰਕਾਰੀ ਥਾਵਾਂ ਨੂੰ ਵੇਚਿਆ ਸੀ ਪਰ ਆਮ ਆਦਮੀ ਦੀ ਸਰਕਾਰ ਨੇ ਨਿਜ਼ੀ ਥਰਮਲ ਪਲਾਂਟ ਨੂੰ ਖ਼ਰੀਦ ਕੇ ਵੱਖਰੀ ਮਿਸਾਲ ਕਾਇਮ ਕੀਤੀ ਗਈ ਹੈ ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਸੋਹਲ, ਜੋਗਿੰਦਰ ਸਿੰਘ ਚੁੰਹਟ, ਪੰਜਾਬ ਸਿੰਘ ਚੁੰਹਟ ਤੋਂ ਇਲਾਵਾ ਇਸ ਪ੍ਰੋਗਰਾਮ ਦੌਰਾਨ ਜਿਹੜੇ ਵਿਅਕਤੀ 'ਆਪ''ਚ ਸ਼ਾਮਲ ਹੋਏ ਉਨ੍ਹਾ ਵਿੱਚ ਸੁਰਜਨ ਸਿੰਘ, ਸੁਖਚੈਨ ਸਿੰਘ, ਗੱਜਣ ਸਿੰਘ, ਜਗਮੋਹਨ ਸਿੰਘ, ਬਾਜ ਸਿੰਘ, ਜਾਗੀਰ ਸਿੰਘ, ਭਾਗ ਸਿੰਘ ਸੰਧੂ, ਨਿਸ਼ਾਨ ਸਿੰਘ ਅਲੀਪੁਰ, ਜਜਦੀਪ ਸਿੰਘ, ਕਾਲਾ ਸਿੰਘ, ਗੁਰਭੇਜ ਸਿੰਘ, ਗੁਰਜੰਟ ਸਿੰਘ, ਗੁਰਦੀਪ ਸਿੰਘ, ਨਛੱਤਰ ਸਿੰਘ ਕਛਵਾ, ਨਿਰਮਲ ਸਿੰਘ ਅਲੀਪੁਰ, ਕਸ਼ਮੀਰ ਸਿੰਘ, ਊਧਮ ਸਿੰਘ, ਗੁਰਮੇਜ ਸਿੰਘ ਕਛਵਾ, ਹਰਮਿੰਦਰ ਸਿੰਘ ਅਲੀਪੁਰ ਵਜੀਰ ਸਾਹਿਬ, ਸ਼ੇਰ ਸਿੰਘ ਆਦਿ ਸ਼ਾਮਲ ਹੋਏ।

ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਰਾਜਨੀਤਕ ਚਰਚਾਵਾਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ

ਰਾਣਾ ਗੁਰਜੀਤ ਸਿੰਘ ਆਦੇਸ਼ ਪ੍ਰਤਾਪ ਸਿੰਘ ਕੈਰੋਂ ਬਿਕਰਮਜੀਤ ਸਿੰਘ ਮਜੀਠੀਆ ਗੁਰਵੇਲ ਸਿੰਘ ਲੁਹਾਰੀਆਂ

ਪੱਟੀ, 20 ਜਨਵਰੀ (ਬਿੱਟੂ)- ਦੇਸ਼ ਵਿੱਚ ਹੋਣ ਜਾ ਰਹੀਆਂ ਲੋਕ ਸਭਾ ਦੀਆਂ ਚੋਣਾਂ ਬਾਰੇ ਚਰਚਾਵਾਂ ਪੂਰੇ ਜੋਰਾਂ ਤੇ ਚੱਲ ਰਹੀਆਂ ਹਨ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਤੇ ਲੋਕਾਂ ਵੱਲੋਂ ਵੱਖ ਵੱਖ ਪਾਰਟੀਆਂ ਦੇ ਵੱਖ ਵੱਖ ਉਮੀਦਵਾਰਾਂ ਦੇ ਨਾਮ ਆਮ ਸੁਨਣ ਚ ਆ ਰਹੇ ਹਨ ਕਿਆਸਰਾਈਆਂ ਚ ਜੇਕਰ ਗੱਲ ਕਰੀਏ ਕਾਂਗਰਸ ਪਾਰਟੀ ਦੇ ਵੋਟਰਾਂ ਸਪੋਟਰਾਂ ਦੀ ਤਾਂ ਕੁਝ ਕਾਂਗਰਸੀ ਖੇਮਿਆਂ ਚ ਇਸ ਵਾਰ ਗੁਰਜੀਤ ਸਿੰਘ ਰਾਣਾ ਨੂੰ ਇਸ ਵਾਰ ਦਾ ਉਮੀਦਵਾਰ ਮੰਨਦੇ ਆ ਰਹੇ ਹਨ ਕਿਉਂ ਕੇ ਪਿਛਲੇ ਦਿਨੀਂ ਪੰਜਾਬ ਚ ਆਏ ਹੜਾਂ ਦੇ ਮੌਕੇ ਰਾਣਾ ਗੁਰਜੀਤ ਵੱਲੋਂ ਬੰਨ੍ਹ ਦੇ ਇਲਾਕਿਆਂ ਚ ਵਿਖਾਈ ਸਰਗਰਮੀਂ ਤੇ ਹੋਰ ਵੀ ਉਨ੍ਹਾਂ ਦੀਆਂ ਨਿਜੀ ਫੇਰੀਆਂ ਵੀ ਉਹਨਾਂ ਦੇ ਉਮੀਦਵਾਰ ਬਨਣ ਦਾ ਰਾਹ ਪੱਧਰਾ ਕਰ ਰਹੀਆਂ ਹਨ ਇਸੇ ਤਰਾਂ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਵੀ ਆਪਣੀ ਪੰਥਕ ਸਮਝੀਂ ਜਾਣ ਵਾਲੀ ਸੀਟ ਤੋਂ ਬਾਦਲ ਪਰਿਵਾਰ ਦੇ ਕਰੀਬੀ ਬਿਕਰਮ ਮਜੀਠੀਆ ਨੂੰ ਉਮੀਦਵਾਰ ਬਨਾਉਣ ਦੀਆਂ ਚਰਚਾਵਾਂ ਜੋਰਾਂ ਤੇ ਹਨ ਬਿਕਰਮ ਮਜੀਠੀਆ ਲਈ ਵੀ ਪਾਰਟੀ ਚ ਮਾਝੇ ਦੇ ਜਰਨੈਲ ਵਾਲੀ ਛਵੀਂ ਬਚਾਉਣ ਲਈ ਪੂਰੀ ਵਾਹ ਲਗਾਉਣੀ ਪਵੇਗੀ ਇਹ ਉਹਨਾਂ ਲਈ ਬਹੁਤ ਵੱਡੀ ਇਮਤਿਹਾਨ ਦੀ ਘੜੀ ਹੋਵੇਗੀ ਜੇ ਆਪਾਂ ਗੱਲ ਕਰੀਏ ਭਾਜਪਾ ਦੀ ਤਾਂ ਭਾਜਪਾ ਦੇ ਉਘੇ ਨੇਤਾ ਵੀ ਇਸ ਵਾਰ ਇਕੱਲੇ ਆਪਣੇ ਦਮ ਤੇ ਚੋਣਾਂ ਲੜਨ ਦਾ ਦਾਅਵਾ ਕਰਦੇ ਆ ਰਹੇ ਹਨ ਭਾਜਪਾ ਦੀ ਸੀਟ ਤੇ ਪਿਛਲੇ ਸਮੇਂ ਤੋਂ ਪੱਟੀ ਹਲਕੇ ਨਾਲ ਸਬੰਧਤ ਬਾਦਲ ਪਰਿਵਾਰ ਦੇ ਨਜਦੀਕੀ ਰਿਸ਼ਤੇਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਸ਼ਮੂਲੀਅਤ ਦੀ ਚਰਚਾ ਵੀ ਪੱਟੀ ਚ ਕੈਰੋਂ ਧੜੇ ਨਾਲ ਸੰਬੰਧਤ ਕਈ ਆਗੂ ਕਰਦੇ ਆ ਰਹੇ ਹਨ ਕਦੀ ਕੈਰੋਂ ਸਾਬ ਭਾਜਪਾ ਚ ਜਾ ਰਹੇ ਨੇ ਤੇ ਉਹਨਾਂ ਨੂੰ ਰਾਜ ਸਭਾ ਦੀ ਸੀਟ ਮਿਲ ਸਕਦੀ ਤੇ ਕਦੀ ਲੋਕ ਸਭਾ ਗੌਰਤਲਬ ਹੈ ਕੇ ਜਦੋਂ ਤੋਂ ਹੀ ਕੈਰੋਂ ਨੂੰ ਵਲਟੋਹਾ ਸੀਟ ਨਹੀ ਮਿਲੀ ਉਹਨਾਂ ਦੀ ਪੱਟੀ ਹਲਕੇ ਚ ਵੀ ਕੋਈ ਗਤੀਵਿਧੀ ਨਹੀਂ ਵੇਖਣ ਨੂੰ ਮਿਲੀ ਅਤੇ ਨਾ ਹੀ ਉਹਨਾਂ ਵੱਲੋਂ ਇਹਨਾਂ ਅਟਕਲਾਂ ਤੇ ਵਿਰਾਮ ਲਗਾਇਆ ਗਿਆ ਤੇ ਜੇ ਗੱਲ ਕਰਦੇ ਹਾਂ ਪੰਜਾਬ ਚ ਮੌਜੂਦਾ ਸਰਕਾਰ ਆਮ ਆਦਮੀਂ ਪਾਰਟੀ ਨੇ ਵੀ ਹਾਲੇ ਇਸ ਸਬੰਧੀ ਕਿਸੇ ਵੀ ਵਰਕਰ ਦੇ ਨਾਮ ਨੂੰ ਲੈਕੇ ਕੋਈ ਗਤੀਵਿਧੀ ਨਹੀਂ ਵਿਖਾਈ ਗਈ ਚਰਚਾਵਾਂ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਸਮੇਂ ਤੋਂ ਪੱਟੀ ਹਲਕੇ ਨਾਲ ਸਬੰਧਤ ਅਧਿਆਪਕ ਆਗੂ ਤੇ ਇਕ ਐਜੂਕੇਸ਼ਨਲ ਸੁਸਾਇਟੀ ਦੇ ਮਾਲਕ ਸਮਾਜ ਸੇਵੀ ਗੁਰਵੇਲ ਸਿੰਘ ਲੁਹਾਰੀਆ ਦਾ ਨਾਮ ਵੀ ਆਏ ਦਿਨ ਸੋਸ਼ਲ ਮੀਡੀਆ ਤੇ ਆਮ ਆਦਮੀਂ ਪਾਰਟੀ ਦੇ ਖਡੂਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਵਜੋਂ ਖੂਬ ਪ੍ਰਚਾਰਿਆ ਜਾ ਰਿਹਾ ਹੈ ਬੀਤੇ ਦਿਨ

ਵਿਧਾਇਕ ਵੱਲੋਂ ਮੌਲਵੀਵਾਲਾ 'ਚ ਵਿਕਾਸ ਕਾਰਜਾਂ ਦਾ ਉਦਘਾਟਨ ਆਪ ਸਰਕਾਰ ਵਿਕਾਸ ਲਈ ਵਚਨਬੱਧ -ਵਿਧਾਇਕ

ਪਾਤੜਾਂ, 20 ਜਨਵਰੀ, (ਜਸਵਿੰਦਰ ਜਿਉਣਪੁਰਾ)- ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਨਜ਼ਦੀਕੀ ਪਿੰਡ ਮੌਲਵੀਵਾਲਾ ਦੀ ਗ੍ਰਾਮ ਪੰਚਾਇਤ ਸੰਤਨਗਰ ਵੱਲੋਂ ਸਰਪੰਚ ਸ਼੍ਰੀਮਤੀ ਸੁਖਪਾਲ ਕੌਰ ਦੀ ਅਗਵਾਈ ਵਿੱਚ ਕਰੀਬ 15 ਲੱਖ ਰੁਪਏ ਦੀ ਲਾਗਤ ਬਾਲਮੀਕ ਧਰਮਸ਼ਾਲਾ ਵਿੱਚ ਉਸਾਰੇ ਗਏ ਸ਼ੈਡ, ਆਂਗਣਵਾੜੀ ਸੈਂਟਰ ਦੀ ਨਵੀਂ ਇਮਾਰਤ ਅਤੇ ਪਿੰਡ ਦੀਆਂ ਗਲੀਆਂ ਨਾਲੀਆਂ ਵਿੱਚ ਪਿੰਡ ਦੀਆਂ ਗਲੀਆਂ ਵਿੱਚ ਲਗਾਈਆਂ ਗਈਆਂ ਸਟਰੀਟ ਲਾਈਟਾਂ ਦਾ ਰਸਮੀ ਉਦਘਾਟਨ ਕੀਤਾ ਗਿਆ ਗ੍ਰਾਮ ਪੰਚਾਇਤ ਦਸ਼ਮੇਸ਼ ਨਗਰ ਦੇ ਸਰਪੰਚ ਕਰਮਜੀਤ ਸਿੰਘ ਦੇ ਗ੍ਰਹਿ ਵਿਖੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਵਿਕਾਸ ਕਾਰਜਾਂ ਦੀ ਰਸਮੀ ਸ਼ੁਰੂਆਤ ਹੋ ਚੁੱਕੀ ਹੈ ਸਿੱਖਿਆ, ਸਿਹਤ ਸੇਵਾਵਾਂ ਅਤੇ ਖੇਤਾਂ ਨੂੰ ਨਹਿਰੀ ਪਾਣੀ ਦੇਣਾ ਸਰਕਾਰ ਦੀ ਪਹਿਲ ਕਦਮੀ ਹੈ ਉਹਨਾਂ ਦੱਸਿਆ ਕਿ ਬਹੁਤ ਜਲਦੀ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਤਿੰਨਾਂ ਹਸਪਤਾਲਾਂ ਨੂੰ ਅਪਗ੍ਰੇਡ ਕਰਨ ਦੇ ਨਾਲ ਨਾਲ 75 ਕਰੋੜ ਰੁਪਏ ਦੀ ਲਾਗਤ ਨਾਲ ਰਜਵਾਹਾ ਕਰਮਗੜ੍ਹ ਦਾ ਨਵੀਨੀਕਰਨ ਦਾ ਕੰਮ ਪਹਿਲੀ ਅਪ੍ਰੈਲ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ ਮੁੱਖ ਮੰਤਰੀ ਭਗਵੰਤ ਮਾਨ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਦਾ ਕਰਨ ਦੇ ਆਪਣੇ ਟੀਚੇ ਨੂੰ ਪੂਰਾ ਕਰਨ ਵਿੱਚ ਲੱਗੇ ਹੋਏ ਹਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਕਿਸਾਨਾਂ ਨੂੰ ਮੋਟਰਾਂ ਬੰਦ ਕਰਕੇ ਝੋਨਾ ਲੱਗਦਾ ਕਰਨਗੇ ਅਤੇ ਇਸ ਵਾਅਦੇ ਨੂੰ ਪੂਰਾ ਕਰਨ ਦਾ ਅਮਲ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ ਉਹਨਾਂ ਪੰਚਾਇਤ ਵੱਲੋਂ ਕੀਤੇ ਗਏ ਵਿਕਾਸ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਉਣ ਵਾਲੀਆਂ ਪੰਚਾਇਤੀ ਚੋਣਾਂ ਦੌਰਾਨ ਧੜੇਬੰਦੀ ਤੋਂ ਉੱਪਰ ਉੱਠ ਕੇ ਚੰਗੀ ਸੋਚ ਵਾਲੇ ਲੋਕਾਂ ਨੂੰ ਅੱਗੇ ਲਿਆਉਣ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਸਰਕਾਰ ਪੈਸੇ ਦੀ ਕੋਈ ਕਮੀ ਨਹੀਂ ਆਉਣ ਦੇਵੇਗੀ ਸਰਪੰਚ ਸੁਖਪਾਲ ਕੌਰ, ਅਤੇ ਚਰਨਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਲਾਬ ਸਿੰਘ ਹਰਿਆਊ, ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਸਾਬਕਾ ਸਰਪੰਚ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ, ਮਦਨ ਲਾਲ ਗੋਇਲ, ਬੂਟਾ ਸਿੰਘ ਸ਼ੁਤਰਾਣਾ, ਬਲਜੀਤ ਸਿੰਘ ਸਹੋਤਾ, ਸੁੱਚਾ ਸਿੰਘ ਸੰਧੂ, ਹਿਟਲਰ ਸਿੰਘ ਵਿਰਕ, ਅਮਨਦੀਪ ਸਿੰਘ ਮਨੇਸ, ਚੇਅਰਮੈਨ ਹਰਿਦਰ ਸਿੰਘ ਚੱਠਾ, ਬਲਵੰਤ ਸਿੰਘ ਸਾਰਨਕੇ, ਪੰਚ ਗੁਰਸੇਵਕ ਸਿੰਘ, ਚਰਨਾ ਸਿੰਘ ਆਦਿ ਹਾਜ਼ਰ ਸਨ।

ਪਿੰਡ ਰਾਮਗੜ੍ਹ ਸਰਦਾਰਾਂ ਅਗਨੀਵੀਰ ਦੇ ਸ਼ਹੀਦ ਅਜੈ ਸਿੰਘ ਦਾ ਸਰਕਾਰੀ ਸਨਮਾਨਾ ਨਾਲ ਕੀਤਾ ਸੰਸਕਾਰ

ਫੋਟੋ-ਰਣਜੀਤ ਉੱਪਲ

ਲੁਧਿਆਣਾ 20 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ)- ਜੰਮੂ ਕਸ਼ਮੀਰ ਦੇ ਰਾਜੌਰੀ ਸੈਕਟਰ ਵਿਖੇ ਸ਼ਹੀਦ ਹੋਏ ਪਿੰਡ ਰਾਮਗੜ੍ਹ ਸਰਦਾਰਾਂ ਦੇ ਅਗਨੀਵੀਰ ਅਜੈ ਸਿੰਘ ਦਾ ਅੰਤਿਮ ਸੰਸਕਾਰ ਅੱਜ ਉਹਨਾਂ ਦੇ ਜੱਦੀ ਪਿੰਡ ਰਾਮਗੜ੍ਹ ਸਰਦਾਰਾਂ ਵਿਖੇ ਫੌਜ ਅਤੇ ਪੰਜਾਬ ਪੁਲਿਸ ਦੀਆਂ ਟੁੱਕੜੀਆਂ ਵੱਲੋਂ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ ਇਸ ਮੌਕੇ ਪੰਜਾਬ ਸਰਕਾਰ ਵਲੋਂ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ,ਜਿਲ੍ਹਾ ਪ੍ਰਸ਼ਾਸ਼ਨ ਵਲੋਂ ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ ਅਤੇ ਪੁਲਿਸ ਪ੍ਰਸ਼ਾਸ਼ਨ ਵਲੋਂ ਐਸ.ਐਸ.ਪੀ. ਖੰਨਾ ਅਮਨੀਤ ਕੌਂਡਲ ਨੇਸ਼ਹੀਦ ਅਜੈ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ♦ਇਸ ਤੋਂ ਇਲਾਵਾ ਐਸ.ਡੀ.ਐਮ. ਪੂਨਮਪ੍ਰੀਤ ਕੌਰ, ਡੀ.ਐਸ.ਪੀ. ਨਖਿਲ ਗਰਗ, ਜਿਲ੍ਹਾ ਸੈਨਿਕ ਭਲਾਈ ਬੋਰਡ ਦੇ ਕਮਾਂਡੈਂਟ ਬਲਜਿੰਦਰ ਵਿਰਕ, ਕੈਪਟਨ ਗੁਰਮਿੰਦਰ ਸਿੰਘ, ਏ.ਜੀ. ਮੇਜ਼ਰ ਅਰਵਿੰਦ ਤੋਂ ਇਲਾਵਾ ਭਾਰਤੀ ਫੌਜ ਦੇ ਉਚ ਅਧਿਕਾਰੀਆਂ ਨੇ ਸ਼ਹੀਦ ਅਜੈ ਸਿੰਘ ਨੂੰ ਸ਼ਰਧਾ ਅਤੇ ਸਤਿਕਾਰ ਭੇਂਟ ਕੀਤਾ ਹਲਕਾ ਪਾਇਲ ਦੇ ਵਿਧਾਇਕ ਸ਼੍ਰੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਹੀਦ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪਰਿਵਾਰ ਦੇ ਨਾਲ ਹੈ ਉਨ੍ਹਾਂ ਕਿਹਾ ਕਿ ਇਸ ਸ਼ਹੀਦ ਨੇ ਆਪਣੀ ਡਿਊਟੀ ਪੂਰੀ ਬਹਾਦਰੀ ਤੇ ਲਗਨ ਨਾਲ ਨਿਭਾਈ ਅਤੇ ਸ਼ਹੀਦ ਦੀ ਕੁਰਬਾਨੀ ਨੌਜਵਾਨਾਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ ਉਹਨਾਂ ਨੇ ਕਿਹਾ ਕਿ ਸੂਬਾ ਸਰਕਾਰ ਦੀ ਨੀਤੀ ਅਨੁਸਾਰ ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਹਲਕਾ ਪਾਇਲ ਦੇ ਵਿਧਾਇਕ ਇਸ ਮੌਕੇ ਤੇ ਪਹੁੰਚ ਕੇ ਪਰਿਵਾਰ ਨਾਲ਼ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਅੱਜ ਜੇਕਰ ਅਸੀਂ ਆਜ਼ਾਦੀ ਦਾ ਸਾਹ ਲੈ ਰਹੇ ਹਾਂ ਤਾਂ ਇਹਨਾਂ ਫ਼ੌਜੀ ਜਵਾਨ ਸ਼ਹੀਦਾਂ ਦੀ ਬਦੌਲਤ ਹਾਂ ਉਹਨਾਂ ਕਿਹਾ ਕਿ ਅਸੀਂ ਸ਼ਹੀਦ ਅਜੈ ਸਿੰਘ ਦੀ ਸ਼ਹੀਦੀ ਨੂੰ ਕਰੋੜਾਂ ਵਾਰ ਨਮਨ ਕਰਦੇ ਹਾਂ ਉਹਨਾਂ ਕਿਹਾ ਕਿ ਇਹਨਾਂ ਸ਼ਹੀਦ ਜਵਾਨਾਂ ਦੀ ਸ਼ਹੀਦੀ ਅੱਗੇ ਕੁਝ ਵੀ ਕਹਿ ਨਹੀਂ ਸਕਦੇ ਕਿਉਂਕਿ ਇਹਨਾਂ ਦੀ ਬਦੌਲਤ ਹੀ ਅੱਜ ਅਸੀਂ ਸਿਰ ਉੱਚਾ ਕਰਕੇ ਜਿਉਂਦੇ ਹਾਂ ਉਹਨਾਂ ਕਿਹਾ ਕਿ ਇਸ ਪਰਿਵਾਰ ਦੇ ਅੱਗੇ ਮੇਰਾ ਸਿਰ ਨਮਨ ਹੁੰਦਾ ਹੈ ਇਸ ਪਰਿਵਾਰ ਦੇ ਨਾਲ਼ ਅਸੀਂ ਚਟਾਨ ਵਾਂਗ ਖੜੇ ਹਾਂ ਕੋਈ ਵੀ ਦੁੱਖ ਤਕਲੀਫ਼ ਪਰਿਵਾਰ ਨੂੰ ਨਹੀਂ ਆਉਣ ਦੇਵਾਂਗੇ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਸ਼ਹੀਦ ਅਜੈ ਸਿੰਘ ਦੇ ਪਿਤਾ ਚਰਨਜੀਤ ਸਿੰਘ ਉਰਫ਼ ਕਾਲਾ ਸਿੰਘ,ਮਾਤਾ ਲੱਛਮੀ ਅਤੇ ਭੈਣਾਂ ਨਾਲ਼ ਦੁੱਖ ਸਾਂਝਾ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸ਼ਨ ਹਮੇਸ਼ਾਂ ਪਰਿਵਾਰ ਦੀ ਮੱਦਦ ਲਈ ਤੱਤਪਰ ਰਹੇਗਾ ♦ ਉਹਨਾਂ ਸ਼ਹੀਦ ਦੀ ਮਾਤਾ ਅਤੇ ਭੈਣਾਂ ਨੂੰ ਕਲਾਵੇ ਵਿੱਚ ਲੈ ਕੇ ਦਿਲਾਸਾ ਵੀ ਦਿੱਤਾ ♦ ਉਹਨਾਂ ਕਿਹਾ ਕਿ ਸ਼ਹੀਦ ਕਿਸੇ ਧਰਮ,ਫਿਰਕੇ ਜਾਂ ਖੇਤਰ ਤੱਕ ਸੀਮਿਤ ਨਹੀਂ ਹੁੰਦੇ ਸਗੋਂ ਪੂਰੀ ਕੌਮ ਦਾ ਮਾਣ, ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਅਤੇ ਦੇਸ਼ ਦਾ ਸਰਮਾਇਆ ਹੁੰਦੇ ਹਨ ♦ਇਸ ਮੌਕੇ ਪੰਜਾਬ ਡਿਫੈਂਸ ਵੈਟਰਨਸ ਆਰਗਨਾਈਜੇਸ਼ਨ ਦੇ ਆਹੁਦੇਦਾਰ ਅਤੇ ਸਾਬਕਾ ਜਵਾਨ ਕੈਪਟਨ ਕੁਲਵੰਤ ਸਿੰਘ,ਕੈਪਟਨ ਨਛੱਤਰ ਸਿੰਘ, ਜਗਜੀਤ ਸਿੰਘ ਅਰੋੜਾ ਨੇ ਵੀ ਪੁੱਜਕੇ ਸ਼ਰਧਾਂਜਲੀ ਦਿੱਤੀ ਜ਼ਿਕਰਯੋਗ ਹੈ ਕਿ ਸ਼ਹੀਦ ਅਜੈ ਸਿੰਘ ਮਾਪਿਆਂ ਦੇ ਇਕਲੌਤੇ ਪੁੱਤਰ ਅਤੇ 6 ਭੈਣਾ ਤੇ ਇਕਲੌਤੇ ਭਰਾ ਸਨ ਅਤੇ ਇਸ ਸ਼ਹਾਦਤ ਲਈ ਪੂਰੇ ਇਲਾਕੇ ਵਿੱਚ ਜਿੱਥੇ ਮੌਤ ਲਈ ਦੁੱਖ ਸੀ ਉਥੇ ਇਲਾਕੇ ਦੇ ਨੌਜੁਆਨ ਦੀ ਵੀਰਮਈ ਸ਼ਹਾਦਤ ਤੇ ਫ਼ਖਰ ਵੀ ਸੀ ਸ਼ਹੀਦ ਅਜੈ ਸਿੰਘ ਦੇ ਮਾਤਾ -ਪਿਤਾ ਅਤੇ ਭੈਣਾਂ ਨੇ ਕਿਹਾ ਕਿ ਸਾਨੂੰ ਅਜੈ ਸਿੰਘ ਦੀ ਸ਼ਹੀਦੀ ਉੱਤੇ ਮਾਣ ਹੈ ♦ ਕਿਉਂਕਿ ਉਸਨੇ ਦੇਸ਼ ਲਈ ਕੁਰਬਾਨੀ ਕੀਤੀ ਹੈ♦ ਇਸ ਮੌਕੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸ਼ਖਸ਼ੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਸਾਕ ਸਬੰਧੀ ਵੀ ਹਾਜ਼ਰ ਸਨ।

ਗਣਤੰਤਰ ਦਿਵਸ ਮੌਕੇ ਮੁੱਖ ਮੰਤਰੀ ਪੰਜਾਬ ਨੂੰ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਵਲੋਂ ਕਾਲੀਆਂ ਝੰਡੀਆਂ ਦਿਖਾ ਕੇ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ

ਮਾਨਸਾ 20 ਜਨਵਰੀ (ਨਰੇਸ਼ ਕੁਮਾਰ ਰਿੰਪੀ) ਇਨ ਕਲੋਜਵ ਐਜੂਕੇਸ਼ਨ ਵਲੰਟੀਅਰ ਸੁਖਦੀਪ ਸਿੰਘ ਰਾਮ ਟਟਵਾਲੀਤੇ ਮਨਿੰਦਰ ਮਾਨਸਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਵਧੀਕ ਸਕਤੱਰ ਵੱਲੋਂ ਮੀਟਿੰਗ ਦਾ ਸਮਾਂ ਨਾ ਦੇਣ ਕਰਕੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਵਲੋਂ ਸੁਬਾ ਪ੍ਰਧਾਨ ਵਿਕਾਸ ਸਾਹਨੀ ਦੀ ਪ੍ਰਧਾਨਗੀ ਹੇਠ ਜੂਮ ਐਪ ਮੀਟਿੰਗ ਕੀਤੀ ਗਈ ਜਿਸ ਦੌਰਾਨ ਸਿਖਿਆ ਵਿਭਾਗ ਵਿਚ ਅਪਣੀ ਬਹਾਲੀ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਨਾਲ ਕੀਤੀਆਂ ਗਈਆਂ ਮੀਟਿੰਗਾਂ ਲਈ ਕਾਫੀ ਪੱਤਰ ਅਤੇ ਭੇਜੀਆਂ ਈਮੇਲ ਸਬੰਧੀ ਕੋਈ ਜਵਾਬ ਨਾ ਮਿਲਣ ਦੇ ਰੋਸ ਵਜੋਂ ਗਣਤੰਤਰ ਦਿਵਸ ਮੌਕੇ ਕਾਲੀਆਂ ਝੰਡੀਆਂ ਦਿਖਾਉਣ ਸਬੰਧੀ ਚਰਚਾ ਕੀਤੀ ਗਈ ਇਸ ਸਬੰਧੀ ਇਨ ਕਲੋਜਵ ਐਜੂਕੇਸ਼ਨ ਵਲੰਟੀਅਰ ਸੁਖਦੀਪ ਸਿੰਘ ਰਾਮ ਟਟਵਾਲੀਤੇ ਮਨਿੰਦਰ ਮਾਨਸਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਪਣੇ ਆਪ ਨੂੰ ਆਮ ਲੋਕਾਂ ਦੇ ਮੁੱਖ ਮੰਤਰੀ ਦੱਸਣ ਵਾਲੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਧੀਕ ਸਕਤੱਰ ਹਿਮਾਂਸ਼ੂ ਜੈਨ ਨੇ ਬਠਿੰਡਾ, ਸ਼੍ਰੀ ਅੰਮ੍ਰਿਤਸਰ ਸਹਿਬ ਕੁਮਾਰ ਅਮਿਤ ਦੇ ਸ਼ਹਿਰ ਪਟਿਆਲਾ ਵਿਖੇ ਜੱਥੇਬੰਦੀ ਨੂੰ ਕੁਝ ਦਿਨਾਂ ਵਿਚ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਵਾਉਣ ਦਾ ਲਾਰਾ ਲਗਾਇਆ ਗਿਆ ਸੀ ਜੋ ਕਿ 5 ਮਹੀਨੇ ਬੀਤ ਜਾਣ ਦੇ ਬਾਅਦ ਵੀ ਪੂਰਾ ਨਹੀਂ ਕੀਤਾ ਗਿਆ ਜਿਸ ਸਬੰਧੀ ਕੀਤੀਆਂ ਗਈਆਂ ਈਮੇਲ ਦਾ ਕੋਈ ਜੁਆਬ ਨਹੀਂ ਦਿੱਤਾ ਗਿਆ ਇਨ੍ਹਾਂ ਲਾਰਿਆਂ ਤੋਂ ਤੰਗ ਆ ਕੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਨੇ ਫੈਸਲਾ ਲਿਆ ਹੈ ਕਿ 26 ਜਨਵਰੀ ਨੂੰ ਮੁਖ ਮੰਤਰੀ ਪੰਜਾਬ ਦੇ ਲੁਧਿਆਣਾ ਵਿਖੇ ਹੋਣ ਵਾਲੇ ਪ੍ਰੋਗਰਾਮ ਦੌਰਾਨ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਜਾਹਰ ਕੀਤਾ ਜਾਵੇਗਾ ਇਸ ਮੌਕੇ ਲਖਵਿੰਦਰ ਕੌਰ, ਕਿਰਨਾ ਕੌਰ, ਵਰੁਣ ਖੇੜਾ, ਗੁਰਪ੍ਰੀਤ ਸਿੰਘ ਘੁੰਮਣ, ਜਸਵਿੰਦਰ ਕੌਰ , ਪਰਦੀਪ ਕੌਰ , ਸਵਿਤਾ ਖੁਰਾਣਾ, ਸ਼ਸ਼ੀ ਕੁਮਾਰ, ਰਾਜਵੰਤ ਕੌਰ, ਸੁਖਦੀਪ ਸਿੰਘ, ਗੁਰਸੇਵਕ ਸਿੰਘ ਅਤੇ ਹੋਰਨਾਂ ਸਾਥੀਆਂ ਨੇ ਮੀਟਿੰਗ ਵਿੱਚ ਭਾਗ ਲਿਆ।

ਵਾਰਡ ਨੰਬਰ 17 ਜੈਤੋ ਦੇ ਮੁਹੱਲਾ ਵਾਸੀਆਂ ਵੱਲੋਂ ਸੀਵਰੇਜ਼ ਬੋਰਡ ਖ਼ਿਲਾਫ਼ ਨਾਅਰੇਬਾਜ਼ੀ ਕੀਤੀ

ਜੈਤੋ, 20 ਜਨਵਰੀ, (ਅਸ਼ੋਕ ਧੀਰ)- ਅੱਜ ਵਾਰਡ ਨੰਬਰ 17 ਡਾ. ਅੰਬੇਡਕਰ ਨਗਰ ਜੈਤੋ ਦੇ ਐੱਮ. ਸੀ. ਡਾ. ਬਲਵਿੰਦਰ ਅਤੇ ਮੁਹੱਲਾ ਵਾਸੀਆਂ ਵੱਲੋਂ ਸੀਵਰੇਜ ਬੋਰਡ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਏਥੇ ਜ਼ਿਕਰਯੋਗ ਹੈ ਕਿ ਜਦੋਂ ਤੋਂ ਲਾਈਨੋਂ ਪਾਰ ਏਰੀਏ ਵਿੱਚ ਸੀਵਰੇਜ ਪਾਇਆ ਗਿਆ ਹੈ ਤਾਂ ਓਦੋਂ ਤੋਂ ਹੀ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋ ਕੇ ਮੁਹੱਲੇ ਦੀ ਮੁੱਖ ਗਲੀ ਨੰਬਰ 4 ਅਤੇ ਤਕਰੀਬਨ ਸਾਰੀਆਂ ਬ੍ਰਾਂਚ ਗਲੀਆਂ ਵਿੱਚ ਭਰਿਆ ਰਹਿੰਦਾ ਹੈ ਅੱਜ ਵਾਰਡ ਦੇ ਐੱਮ ਸੀ ਡਾ. ਬਲਵਿੰਦਰ ਵੱਲੋਂ ਦੱਸਿਆ ਗਿਆ ਕਿ ਸਾਡੇ ਮੁਹੱਲੇ ਦੇ ਲੋਕਾਂ ਦੀ ਸੀਵਰੇਜ ਬੋਰਡ ਵੱਲੋਂ ਸ਼ਰੇਆਮ ਬੇਕਦਰੀ ਕੀਤੀ ਹੋਈ ਹੈ, ਕਿਉਂਕਿ ਕੀ ਸਾਡੇ ਲੋਕਾਂ ਦੀਆਂ ਕੋਈ ਭਾਵਨਾਵਾਂ ਭਾਵਨਾਵਾਂ ਨਹੀਂ ਹਨ.? ਕੀ ਸਾਡੇ ਲੋਕਾਂ ਦੀ ਕੋਈ ਹੋਲੀ, ਦੀਵਾਲੀ ਜਾਂ ਲੋਹੜੀ ਹੈਨੀ.? ਕਿਉਂਕਿ ਬੀਤੀ ਦਿਵਾਲੀ ਅਤੇ ਪਿਛਲੇ ਹਫਤੇ ਲੰਘੀ ਲੋਹੜੀ ਸਾਡੇ ਲੋਕਾਂ ਨੂੰ ਸੀਵਰੇਜ ਦੇ ਗੰਦੇ ਪਾਣੀ ਨਾਲ ਲਬਾਲਬ ਭਰੀਆਂ ਗਲੀਆਂ ਵਿੱਚ ਹੀ ਮਨਾਉਣੀ ਪਈ, ਐੱਮ ਸੀ ਸਾਬ੍ਹ ਨੇ ਅੱਗੇ ਦੱਸਿਆ ਕਿ ਸਾਡੇ ਵਾਰਡ ਵਿੱਚ ਮੌਤ ਹੋਏ ਵਿਅਕਤੀਆਂ ਦੀਆਂ ਅਰਥੀਆਂ ਨੂੰ ਮੋਢਾ ਦੇਣ ਵਾਲੇ ਵਿਅਕਤੀਆਂ ਨੂੰ ਅਤੇ ਸੋਗ ਵਿੱਚ ਸ਼ਾਮਲ ਹੋਏ ਰਿਸ਼ਤੇਦਾਰ ਸਾਕ ਸੰਬੰਧੀਆਂ ਨੂੰ ਵੀ ਏਸੇ ਗੰਦੇ ਪਾਣੀ ਵਿੱਚੋਂ ਗੁਜ਼ਰਨਾ ਪੈਂਦਾ ਹੈ, ਕੀ ਬੱਚੇ, ਕੀ ਸਿਆਣੇ ਸਾਰਿਆਂ ਨੂੰ ਹੀ ਕਾਲੇ ਪਾਣੀ ਦੀ ਸਜ਼ਾ ਭੁਗਤਣੀ ਪੈ ਰਹੀ ਹੈ, ਉਹ ਵੀ ਬੇਕਸੂਰ ਹੁੰਦੇ ਹੋਇਆਂ ਨਾਲ ਹੀ ਐੱਮ ਸੀ ਡਾ. ਬਲਵਿੰਦਰ ਨੇ ਦੱਸਿਆ ਕਿ ਸੀਵਰੇਜ ਬੋਰਡ ਦੇ ਜੈਤੋ ਸ਼ਹਿਰ ਦੀਆਂ ਸੀਵਰੇਜ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਲਗਾਏ ਗਏ ਸੁਪਰਵਾਈਜਰ ਵੱਲੋਂ ਮੇਰੇ ਵਾਰਡ ਦਾ ਕੰਮ ਕਰਵਾਉਣ ਤੋਂ ਉੱਕਾ ਹੀ ਮਨਾਹੀ ਕਰ ਦਿੱਤੀ ਹੈ, ਜਿਸਦੇ ਰੋਸ ਵਜੋਂ ਲਾਈਨੋਂ ਪਾਰ ਸਾਰਾ ਏਰੀਆ ਅਤੇ ਸ਼ਹਿਰ ਜੈਤੋ ਦੇ ਬਾਕੀ ਉਹ ਵਾਰਡ ਜਿੰਨਾਂ ਨੂੰ ਸੀਵਰੇਜ ਬੋਰਡ ਦੀਆਂ ਨਾਲਾਇਕੀਆਂ ਅਤੇ ਅਣਦੇਖੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਕੱਠੇ ਹੋ ਕੇ ਅਗਲੇ ਹਫ਼ਤੇ ਮਤਲਬ ਵਰਕਿੰਗ ਡੇਅ ਨੂੰ ਮੁਕਤਸਰ ਰੋਡ ਨੇੜੇ ਰੇਲਵੇ ਫਾਟਕ ਵਿਖੇ ਧਰਨਾ ਪ੍ਰਦਰਸ਼ਨ ਕਰਨਗੇ ਇਸ ਮੌਕੇ ਡਾ. ਬਲਵਿੰਦਰ ਐੱਮ ਸੀ ਤੋਂ ਇਲਾਵਾ ਦੀਨ ਦਿਆਲ ਬਾਗੜੀ, ਗੋਲਡੀ ਰਾਜੋਰਾ, ਰਾਹੁਲ ਪੰਵਾਰ, ਡਾ. ਦਰਸ਼ਨ ਲਾਲ, ਪਾਲ ਬਸਵਾਲਾ, ਧੀਰਜ ਚਾਵਲਾ, ਮੱਖਣ ਚਾਵਲਾ, ਰਾਣਾ ਰਾਮ, ਨਵਦੀਪ ਨਾਹਰ ਅਤੇ ਔਰਤਾਂ ਹਾਜ਼ਰ ਸਨ।

ਇੰਦਰਪਾਲ ਸਿੰਘ ਧੰ

ਝਲਕ ਦਿਖਲਾ ਜਾ 'ਤੇ ਮਸ਼ਹੂਰ ਮਹਿਮਾਨਾਂ ਅਤੇ ਸ਼ਾਨਦਾਰ ਪ੍ਰਦਰਸ਼ਨਾਂ ਨਾਲ ਸਟਾਰ-ਸਟੱਡਡ ਵੀਕੈਂਡ

ਚੰਡੀਗੜ੍ਹ, 20 ਜਨਵਰੀ, ਇਸ ਹਫਤੇ ਦੇ ਅੰਤ ਵਿੱਚ, ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਦੇ ਡਾਂਸ ਰਿਐਲਿਟੀ ਸ਼ੋਅ, ਝਲਕ ਦਿਖਲਾ ਜਾ ਦੇ 11ਵੇਂ ਹਫ਼ਤੇ, ' ਏਕ ਔਰ ਏਕ ਗਿਆਰਾ ' ਥੀਮ ਦੇ ਨਾਲ ਇੱਕ ਦਿਲਚਸਪ ਪ੍ਰਦਰਸ਼ਨ ਦਾ ਵਾਅਦਾ ਕੀਤਾ ਗਿਆ ਹੈ ਹਰੇਕ ਪ੍ਰਤੀਯੋਗੀ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ, ਫਾਈਨਲ ਲਈ ਤਿਆਰੀ ਕਰਦਾ ਹੈ ਹੋਰ ਚਮਕ ਪਾਉਣ ਲਈ, ਪ੍ਰਿੰਸ ਨਰੂਲਾ, ਕੇ-ਪੌਪ ਆਈਡਲ 'ਔਰਾ', ਮਿਸਟਰ ਫੈਸੂ, ਸੁਮੇਧ ਸ਼ਿੰਦੇ, ਬਾਬਿਲ ਖਾਨ, ਅਤੇ ਜਸਲੀਨ ਰਾਇਲ ਸਮੇਤ ਦੋਸਤ ਅਤੇ ਪਰਿਵਾਰ ਮੌਜੂਦ ਹੋਣਗੇ 'ਮਹਿੰਦੀ ਵਾਲਾ ਘਰ' ਤੋਂ ਕਰਨ ਮਹਿਰਾ ਅਤੇ ਸ਼ਰੂਤੀ ਆਨੰਦ ਵੀ ਪਹਿਲਵਾਨ ਸੰਗੀਤਾ ਫੋਗਾਟ ਦਾ ਸਮਰਥਨ ਕਰਨ ਲਈ ਸ਼ਾਮਲ ਹੋਣਗੇ ਕੋਰੀਓਗ੍ਰਾਫਰ ਭਰਤ ਘਰੇ ਨਾਲ ਮਿਲ ਕੇ, ਸੰਗੀਤਾ ਫੋਗਾਟ ਨੇ ਨਿਰਮਾਣ ਮਜ਼ਦੂਰਾਂ ਦੇ ਸੰਘਰਸ਼ਾਂ 'ਤੇ ਰੋਸ਼ਨੀ ਪਾਉਂਦੇ ਹੋਏ 'ਜੋ ਭੀਜੀ ਥੀ ਦੁਆਂ' ਲਈ ਇੱਕ ਸ਼ਕਤੀਸ਼ਾਲੀ ਪ੍ਰਦਰਸ਼ਨ ਪੇਸ਼ ਕਰਨ ਦੀ ਯੋਜਨਾ ਬਣਾਈ ਹੈ ਜੱਜ ਮਲਾਇਕਾ ਅਰੋੜਾ ਨੇ ਸੰਗੀਤਾ ਦੀ ਕੁਦਰਤੀ ਅਦਾਕਾਰੀ ਦੀ ਤਾਰੀਫ਼ ਕਰਦਿਆਂ ਕਿਹਾ, "ਤੁਸੀਂ ਨੱਚਦੇ ਹੋ, ਤੁਸੀਂ ਭਾਵੁਕ ਹੋ, ਤੁਸੀਂ ਐਕਟਿੰਗ ਕਰਦੇ ਹੋ - ਇਹ ਸ਼ਾਨਦਾਰ ਹੈ" ਹਰ ਸ਼ਨੀਵਾਰ ਅਤੇ ਐਤਵਾਰ ਰਾਤ 9:30 ਵਜੇ, ਸਿਰਫ ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ 'ਤੇ ਪ੍ਰਸਾਰਿਤ ਹੋਣ ਵਾਲੇ ਝਲਕ ਦਿਖਲਾ ਜਾ 'ਤੇ ਭਾਵੁਕ ਅਤੇ ਸ਼ਾਨਦਾਰ ਡਾਂਸ ਪ੍ਰਦਰਸ਼ਨ ਨੂੰ ਨਾ ਭੁੱਲੋ।

ਚੇਅਰਮੈਨ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਦਾ ਯੂਥ ਸਪੋਰਟਸ ਕਲੱਬ ਲੋਟ ਵਲੋਂ ਵਿਸ਼ੇਸ਼ ਸਨਮਾਨ

ਭਾਦਸੋਂ, 20 ਜਨਵਰੀ, (ਸੁਪ੍ਰੀਤ ਕੌਰ ਚਾਵਲਾ)- ਪਿੰਡ ਲੋਟ ਦਾ 20ਵਾਂ ਕਬੱਡੀ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸਮਾਪਤ ਯੂਥ ਸਪੋਰਟਸ ਕਲੱਬ ਲੋਟ ਵਲੋਂ ਗਰਾਮ ਪੰਚਾਇਤ ਅਤੇ ਨਗਰ ਨਿਵਾਸੀਆ ਦੇ ਸਹਿਯੋਗ ਨਾਲ 20ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਇਸ ਮੌਕੇ ਮੁੱਖ ਮਹਿਮਾਨ ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ ਦਾ ਕਲੱਬ ਅਹੁਦੇਦਾਰਾਂ ਅਤੇ ਪ੍ਰਬੰਧਕਾਂ ਵੱਲੋਂ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ ਇਸ ਮੌਕੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦੇ ਹੋਏ ਚੇਅਰਮੈਨ ਰਾਮਗੜ੍ਹ ਨੇ ਕਿਹਾ ਕਿ ਮੈਂ ਵੀ ਲੰਮਾ ਸਮਾਂ ਕਬੱਡੀ ਖੇਡਿਆਂ ਇਕ ਸਿਹਤਮੰਦ ਵਿਅਕਤੀ ਹੀ ਸਮਾਜ ਤੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਚੰਗੇ ਤਰੀਕੇ ਨਾਲ ਨਿਭਾ ਸਕਦਾ ਹੈ ਉਨ੍ਹਾਂ ਕਬੱਡੀ ਖਿਡਾਰੀਆਂ ਨਾਲ ਜਾਣ ਪਛਾਣ ਕਰਦੇ ਹੋਏ ਖੇਡਾਂ ਦਾ ਪੱਧਰ ਉੱਚਾ ਚੁੱਕਣ ਲਈ ਲੋੜੀਂਦੀ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ ਉਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸਾਹਿਤ ਕਰਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਇਸ ਮੌਕੇ ਉਨ੍ਹਾਂ ਨਾਲ ਗੁਰਦੀਪ ਟਿਵਾਣਾ,ਕਮਲ ਭਾਦਸੋਂ ,ਗਾਂਗੀ ਬਨੇਰਾ, ਦਲਜੀਤ ਸਰਪੰਚ ਰਾਇਮੰਲ ਮਾਜਰੀ, ਤਰਨਵੀਰ ਖਨੌੜਾ ਹਾਜ਼ਰ ਸਨ।

ਅਕਾਲ ਅਕੈਡਮੀ ਬਿਲਗਾ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ

ਬਿਲਗਾ, 20 ਜਨਵਰੀ, (ਇਕਬਾਲ)- ਧੰਨ ਧੰਨ ਸ਼ੀਗੁਰੂ ਗੋਬਿੰਦ ਸਿੰਘ ਜੀ ਦੇ 357 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਕਾਲ ਅਕੈਡਮੀ ਬਿਲਗਾ ਵਿਖੇ 19 ਜਨਵਰੀ 2024 ਵੱਖ ਵੱਖ ਪ?ਤੀ ਜ਼ੋਗਤਾਵਾ ਕਰਵਾਈਆ ਗਈਆ ਜਿਸ ਵਿੱਚ ਗੁਰਬਾਣੀ ਕੰਠ ਮੁਕਾਬਲਾ , ਭਾਸ਼ਣ ਮੁਕਾਬਲਾ,ਕਵਿਤਾ ਗਇਨਮੁਕਾਬਲਾ ,ਪ?ਸ਼ਨੋਤਰੀ ਮੁਕਾਬਲਾ, ਗੁਰਮੁੱਖੀ ਪੱਟੀ,ਸੁੰਦਰ ਲਿਖਾਈ ਮੁਕਾਬਲਾ ਚਾਰ ਹਊਸ ਵਿਚ ਕਰਵਾਇਆ ਗਿਆ ਇਸ ਦੇ ਨਾਲ ਨਾਲ ਗੁਰ ਮੰਤਰ ,ਮੂਲਮੰਤਰ,ਚੌਪਈ ਸਹਿਬ ਦੇ ਅਖੰਡ ਜਾਪ ਕੀਤੇ ਗਏ ਅਤੇ ਤਿੰਨ ਸਹਿਜ ਪਾਠ ਵੀ ਕੀਤੇ ਗਏ ਬੱਚਿਆ ਵੱਲੋ ਕਵਿਤਾਵਾ,ਸ਼ਬਦ ਗਇਨ ਅਤੇ ਕਵੀਸ਼ਰੀ ਵੀ ਗਾਈ ਗਈ ਅਧਆਪਿਕਾ ਮਨਜਿੰਦਰ ਕੌਰ ਅਤੇ ਵਿਦਿਆਰਥਣ ਕਿਰਨਪੀ?ਤ ਕੌਰ ਵੱਲੋ ਗੁਰੂ ਸਾਹਿਬ ਜੀ ਨਾਲ ਜੁੜਿਆ ਇਤਹਾਸ ਸ਼ਾਝਾ ਕਰਕੇ ਵਿਦਿਆਰਥੀਆ ਨੂੰ ਭਰਪੂਰ ਜਾਣਕਾਰੀ ਨਾਲ ਜੋੜਿਆ ਗਿਆਪਿ?ਸੀਪਲ ਮੈਡਮ ਹਰਪੀ?ਤ ਕੌਰ ਸਾਹਨੀ ਵੱਲੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਉਦੇ ਹੋਏ ਬੱਚਿਆ ਨੂੰ ਉਹਨਾ ਦੀਆ ਸਿਖਿਆਵਾ ਤੇ ਚੱਲਣ ਲਈ ਪ੍ਰੇਰਿਤ ਕੀਤਾ ਅਕੈਡਮੀ ਵਿੱਚ ਚਾਹ ਪਕੌੜਿਆ ਦੀ ਲੰਗਰ ਅਤੁੱਟ ਵਰਤਾਇਆ ਗਿਆ ਇਸੇ ਤਰਾ ਸਮੁੱਚਾ ਪੋ?ਗਰਾਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ

ਖਰੜ, 20 ਜਨਵਰੀ (ਮਲਕੀਤ ਸਿੰਘ ਸੈਣੀ)- ਫਾਰਚੂਨ ਸਿਟੀ ਸੈਂਟਰ ਸੰਨੀ ਇਨਕਲੇਵ ਸੈਕਟਰ-123 ਖਰੜ ਵਿਖੇ ਸਾਈਂ ਦ੍ਰਿਸ਼ਟੀ ਆਈ ਕੇਅਰ ਸੈਂਟਰ ਵਲੋਂ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ। ਡਾ.ਓਮੇਸ਼ ਦਾਦਾ ਨੇ ਦਸਿਆ ਕਿ ਕੈਂਪ ਵਿਚ ਆਏ ਸ਼ਹਿਰ ਨਿਵਾਸੀਆਂ ਨੂੰ ਅੱਖਾਂ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕੈਂਪ ਵਿਚ ਆਏ 75 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਕੈਂਪ ਵਿਚ ਟੈਸਟ ਵੀ ਮੁਫਤ ਕੀਤੇ ਗਏ। ਉਨ੍ਹਾਂ ਦਸਿਆ ਕਿ ਇਸ ਤਰ੍ਹਾਂ ਦੇ ਕੈਂਪ ਹੋਰ ਵੀ ਲਗਾਏ ਜਾਣਗੇ।

ਅਯੁੱਧਿਆ 'ਚ ਮੂਰਤੀ ਸਥਾਪਨਾ ਨੂੰ ਲੈ ਕੇ ਲੋਕਾਂ 'ਚ ਖੁਸ਼ੀ ਦਿਵਾਲੀ ਤੋਂ ਵੀ ਵੱਧ : ਮਾਸਟਰ ਸੁਰਿੰਦਰ ਸ਼ਰਮਾ

ਫਗਵਾੜਾ,20 ਜਨਵਰੀ (ਕੁਲਦੀਪ ਸਿੰਘ ਨੂਰ) ਅਯੁੱਧਿਆ ਵਿੱਚ ਨਵਨਿਰਮਤ ਸ਼੍ਰੀ ਰਾਮ ਮੰਦਰ ਦੇ ਸਬੰਧ ਵਿੱਚ ਅੱਜ ਇਲਾਕਾ ਭਗਤਪੁਰਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਸੁਰਿੰਦਰ ਸ਼ਰਮਾਂ ਦੀ ਅਗਵਾਈ ਹੇਠ ਕੀਤਾ ਗਿਆ ਜਿਸ ਵਿੱਚ ਨਰੇਸ਼ ਪ੍ਰਾਸ਼ਰ , ਡਾਕਟਰ ਅਮਰਜੀਤ ਗੋਗਨਾ , ਸ਼ਾਮ ਲਾਲ , ਸੰਤੋਖ ਸਿੰਘ ਸੋਖਾ , ਸੁਸ਼ੀਲ ਕੁਮਾਰ ਰਾਜੂ , ਕਮਲਜੀਤ ਬੱਬੂ , ਪ੍ਰਮੋਦ ਕੁਮਾਰ , ਡਿੰਪਲ ਗੁਪਤਾ , ਭਜਨ ਬਾਤੀ , ਰਾਜੇਸ਼ ਸ਼ਰਮਾ ਰੂਕੀ , ਬਿਮਲ ਗੋਗਨਾ , ਸ਼ਸ਼ੀ ਕੁਮਾਰ , ਟਾਰਜਨ , ਜਤਿੰਦਰ ਠਾਕੁਰ ਆਦਿ ਆਪਣੇ ਸਾਥੀਆਂ ਨਾਲ ਮੀਟਿੰਗ ਕੀਤੀ ਗਈ ਇਸ ਮੌਕੇ ਤੇ ਸੁਰਿੰਦਰ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਅਯੁੱਧਿਆ ਵਿੱਚ ਬਣ ਰਹੇ ਸ਼੍ਰੀ ਰਾਮ ਮੰਦਰ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਮਨਾਈ ਜਾ ਰਹੀ ਹੈ ਉਨ੍ਹਾਂ ਨੇ ਕਿਹਾ ਕਿ ਭਗਤਪੁਰਾ ਵਿਖੇ 21 ਜਨਵਰੀ ਨੂੰ ਭਗਵਾ ਮਾਰਚ ਸਵੇਰੇ 11.00 ਵਜੇ ਕੱਢਿਆ ਜਾਵੇਗਾ ਜੋ ਭਗਤਪੁਰਾ ਗਲੀ ਨੰਬਰ 3 ਤੋ ਸ਼ੂਰੂ ਹੋ ਕੇ ਸਤਨਾਮਪੁਰਾ , ਸ਼ਹੀਦ ਉਧਮ ਸਿੰਘ ਨਗਰ, ਪ੍ਰੀਤ ਨਗਰ, ਤੋਂ ਹੁੰਦਾ ਹੋਇਆ ਮੁੜ ਭਗਤਪੁਰਾ ਗਲੀ ਨੰਬਰ 3 ਵਿਖੇ ਸਮਾਪਤ ਹੋਵੇਗਾ ਮਾਸਟਰ ਸੁਰਿੰਦਰ ਸ਼ਰਮਾ ਨੇ ਦੱਸਿਆ ਕਿ ਦੀਵਾਲੀ ਨਾਲੋਂ ਵੱਧ ਇਸ ਦਿਨ ਦੀ ਲੋਕਾਂ ਨੂੰ ਖੁਸ਼ੀ ਹੈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਆਤਿਸ਼ਬਾਜ਼ੀ ਚਲਾਉਣ ਅਤੇ ਘਰ-ਘਰ ਵਿੱਚ ਦੀਪ ਮਾਲਾ ਕੀਤੀ ਜਾਵੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਅਤੇ ਰਾਮ ਭਗਤਾਂ ਨੂੰ ਅਪੀਲ ਕੀਤੀ ਕਿ ਜੇ ਉਹ ਨੂੰ ਅਯੁੱਧਿਆ ਵਿੱਚ ਨਹੀਂ ਪਹੁੰਚ ਸਕਦੇ ਤਾਂ ਉਹ ਆਪੋ - ਆਪਣੇ ਇਲਾਕੇ ਦੇ ਮੰਦਰਾਂ ਵਿੱਚ ਪਹੁੰਚ ਕੇ ਸ਼੍ਰੀ ਰਾਮ ਦੀ ਸਤੁਤੀ ਕਰਨ ਅਤੇ ਰਾਮ ਨਾਮ ਦੀ ਮਾਲਾ ਦਾ ਜਪ ਕਰਨ ?ਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਸੁਰਿੰਦਰ ਸ਼ਰਮਾਂ ਨੇ ਦੱਸਿਆ ਕਿ ਮਿਤੀ 22 ਜਨਵਰੀ ਸਵੇਰੇ 11.00 ਵਜੇ ਗਲੀ ਨੰਬਰ 3 ਦੇ ਬਾਹਰ ਸਰਸਵਤੀ ਸੰਕੀਰਤਨ ਮੰਡਲ ਅਤੇ ਵੈਲਵੇਅਰ ਸੁਸਾਇਟੀ ਭਗਤਪੁਰਾ ਸਤਸੰਗ ਅਤੇ ਸੰਕੀਰਤਨ ਕਰਨਗੇ ਜਦਕਿ ਸ੍ਰੀ ਨੀਲਮ ਦੱਤ ਨੀਲਮਣੀ ਪ੍ਰਭੂ ਸ੍ਰੀ ਰਾਮ ਦੇ ਭਜਨਾ ਨਾਲ ਸੰਗਤਾ ਨੂੰ ਨਿਹਾਲ ਕਰਨਗੇ ਇਸ ਮੌਕੇ ਰਿਕੂ ਗੋਗਨਾ ਮਨੂੰ , ਗੋਰਵ ਠਾਕੁਰ , ਵਿੱਕੀ , ਅਮਰ ਸਾਂਪਲਾ , ਪੰਕਜ ਪ੍ਰਾਸ਼ਰ, ਸੋਨਾ, ਤੋਂ ਇਲਾਵਾ ਹੋਰ ਰਾਮ ਭਗਤ ਵੀ ਮੌਜੂਦ ਸਨ।

ਰਾਮ ਲਲ੍ਹਾ ਦੀ ਪ੍ਰਾਣਪ੍ਰਤਿਸ਼ਠਾ ਨੂੰ ਲੈਕੇ ਭਗਤਪੁਰਾ ਭਗਤੀ ਦੇ ਰੰਗ 'ਚ ਰੰਗਿਆ

ਕੈਂਸਰ ਕੇਅਰ ਸੈਂਟਰ ਅਤੇ ਏ.ਓ.ਆਈ. ਲੁਧਿਆਣਾ ਨੇ ਪੋਲੀਮੋਰਫਸ ਲੋ-ਗ੍ਰੇਡ ਐਡੀਨੋਕਾਰਸੀਨੋਮਾ ਤੋਂ ਪੀੜਤ 50 ਸਾਲਾ ਔਰਤ ਦਾ ਸਫਲਤਾਪੂਰਵਕ ਇਲਾਜ ਕੀਤਾ

ਲੁਧਿਆਣਾ, 20 ਜਨਵਰੀ : ਲੁਧਿਆਣਾ ਵਿੱਚ ਅਮਰੀਕਨ ਓਨਕੋਲੋਜੀ ਇੰਸਟੀਚਿਊਟ (ਏ.ਓ.ਆਈ.) ਦੇ ਸਹਿਯੋਗ ਨਾਲ ਡੀਐਮਸੀਐਚ ਕੈਂਸਰ ਕੇਅਰ ਸੈਂਟਰ ਨੇ ਇੱਕ 50 ਸਾਲਾ ਔਰਤ ਦੇ ਇਲਾਜ ਵਿੱਚ ਇੱਕ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ ਜਿਸਦੀ ਬੁੱਕਲ ਸਪੇਸ ਦੇ ਪੌਲੀਮੋਰਫਸ ਲੋ-ਗ੍ਰੇਡ ਐਡੀਨੋਕਾਰਸੀਨੋਮਾ ਦੀ ਜਾਂਚ ਕੀਤੀ ਗਈ ਸੀ ਪੌਲੀਮੋਰਫਸ ਲੋ-ਗ੍ਰੇਡ ਐਡੀਨੋਕਾਰਸੀਨੋਮਾ (ਪੀਐਲਜੀਏ) ਇੱਕ ਦੁਰਲੱਭ ਕਿਸਮ ਦਾ ਕੈਂਸਰ ਹੈ ਜੋ ਆਮ ਤੌਰ 'ਤੇ ਮੂੰਹ ਦੇ ਮਾਮੂਲੀ ਲਾਰ ਦੇ ਗ੍ਰੰਥੀਆਂ ਵਿੱਚ ਪੈਦਾ ਹੁੰਦਾ ਹੈ ਅਤੇ ਮੂੰਹ ਦੀ ਕੈਵਿਟੀ ਦੇ ਅੰਦਰ ਵੱਖ-ਵੱਖ ਸਥਾਨਾਂ ਵਿੱਚ ਹੋ ਸਕਦਾ ਹੈ, ਜਿਸ ਵਿੱਚ ਬੁੱਕਲ ਸਪੇਸ (ਗੱਲ ਦੇ ਅੰਦਰ ਦਾ ਖੇਤਰ) ਸ਼ਾਮਲ ਹੈ ਐਡੀਨੋਕਾਰਸੀਨੋਮਾ ਕੈਂਸਰ ਦੀ ਇੱਕ ਕਿਸਮ ਨੂੰ ਦਰਸਾਉਂਦਾ ਹੈ ਜੋ ਗ੍ਰੰਥੀ ਸੈੱਲਾਂ ਤੋਂ ਵਿਕਸਤ ਹੁੰਦਾ ਹੈ ਮਰੀਜ਼ ਨੂੰ ਉਸਦੇ ਖੱਬੇ ਗਲ੍ਹ ਵਿੱਚ ਲਗਾਤਾਰ ਦਰਦ ਦੀ ਦਿੱਕਤ ਨਾਲ ਲਿਆਂਦਾ ਗਿਆ ਸੀ ਡਾ. ਸੁਮਿਤ ਗੁਪਤਾ, ਹੈੱਡ ਐਂਡ ਨੇਕ, ਸਰਜੀਕਲ ਔਨਕੋਲੋਜਿਸਟ, ਏ ਓ ਆਈ ਦੀ ਦੇਖ-ਰੇਖ ਹੇਠ, ਮਰੀਜ਼ ਨੇ ਮੂੰਹ ਦੇ ਖੋਲ ਰਾਹੀਂ, ਬੁੱਕਲ ਸਪੇਸ ਦੀ ਕਾਂਟ ਛਾਂਟ ਕੀਤੀ ਸਫਲ ਸਰਜਰੀ ਤੋਂ ਬਾਅਦ, ਮਰੀਜ਼ ਇਸ ਸਮੇਂ ਨਿਰੰਤਰ ਤੰਦਰੁਸਤੀ ਅਤੇ ਰਿਕਵਰੀ ਨੂੰ ਯਕੀਨੀ ਬਣਾਉਣ ਲਈ ਨਿਯਮਤ ਫਾਲੋ-ਅਪ ਅਤੇ ਨਿਗਰਾਨੀ ਅਧੀਨ ਹੈ ਡਾ: ਸੁਮਿਤ ਗੁਪਤਾ, ਸਰਜੀਕਲ ਓਨਕੋਲੋਜਿਸਟ, ਏ.ਓ.ਆਈ., ਲੁਧਿਆਣਾ ਨੇ ਸਫਲ ਇਲਾਜ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ " ਪੀਐਲਜੀਏ ਦੇ ਇਸ ਕੇਸ ਦੇ ਇਲਾਜ ਵਿੱਚ ਸਫਲ ਨਤੀਜਾ ਕੈਂਸਰ ਕੇਅਰ ਸੈਂਟਰ ਅਤੇ ਲੁਧਿਆਣਾ ਵਿੱਚ ਲਗਾਏ ਗਏ ਸਹਿਯੋਗੀ ਯਤਨਾਂ ਅਤੇ ਉੱਨਤ ਦੇਖਭਾਲ ਤਕਨੀਕਾਂ ਦਾ ਪ੍ਰਮਾਣ ਹੈ।

ਐਨਐਸਈ ਲਗਾਤਾਰ ਪੰਜਵੇਂ ਸਾਲ ਦੁਨੀਆ ਦਾ ਸਭ ਤੋਂ ਵੱਡਾ ਡੈਰੀਵੇਟਿਵ ਐਕਸਚੇਂਜ ਬਣ ਗਿਆ

ਬਠਿੰਡਾ, 20 ਜਨਵਰੀ, ਡੈਰੀਵੇਟਿਵਜ਼ ਟਰੇਡ ਬਾਡੀ ਫਿਊਚਰਜ਼ ਇੰਡਸਟਰੀ ਐਸੋਸੀਏਸ਼ਨ (ਐਫਆਈਏ) ਦੁਆਰਾ ਪ੍ਰਕਾਸ਼ਿਤ ਅੰਕੜਿਆਂ ਦੇ ਆਧਾਰ 'ਤੇ, ਐਨਐਸਈ ਗਰੁੱਪ (ਭਾਰਤ ਦਾ ਨੈਸ਼ਨਲ ਸਟਾਕ ਐਕਸਚੇਂਜ ਅਤੇ ਐਨਐਸਈ ਇੰਟਰਨੈਸ਼ਨਲ ਐਕਸਚੇਂਜ) ਇੱਕ ਵਾਰ ਫਿਰ ਕੈਲੰਡਰ ਸਾਲ 2023 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਡੈਰੀਵੇਟਿਵਜ਼ ਐਕਸਚੇਂਜ ਸਮੂਹ ਵਜੋਂ ਉੱਭਰਿਆ ਹੈ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ (ਐਨਐਸਈ) 2023 ਵਿੱਚ ਲਗਾਤਾਰ ਪੰਜਵੇਂ ਸਾਲ ਦੁਨੀਆ ਦਾ ਸਭ ਤੋਂ ਵੱਡਾ ਡੈਰੀਵੇਟਿਵ ਐਕਸਚੇਂਜ ਬਣਿਆ ਰਿਹਾ ਵਰਲਡ ਫੇਡਰਰੇਸ਼ਨ ਆਫ ਐਕਸਚੇਂਜ (ਡਬਲਯੂ.ਐੱਫ.ਈ.) ਦੁਆਰਾ ਪ੍ਰਕਾਸ਼ਿਤ ਅੰਕੜਿਆਂ ਦੇ ਅਨੁਸਾਰ, 2023 ਵਿੱਚ ਟਰੇਡਾਂ ਦੀ ਸੰਖਿਆ (ਇਲੈਕਟ੍ਰੋਨਿਕ ਹੁਕਮ ਬੁੱਕ) ਦੇ ਆਧਾਰ 'ਤੇ ਐਨਐਸਈ ਇਟੀ ਸੇਗਮੈਂਟ ਦੁਨੀਆ ਵਿੱਚ ਤੀਜੇ ਸਥਾਨ 'ਤੇ ਹੈ ਇਸ ਕੈਲੰਡਰ ਸਾਲ ਦੇ ਅੰਤ ਵਿੱਚ ਐਕਸਚੇਂਜ 'ਤੇ ਵਿਲੱਖਣ ਰਜਿਸਟਰਡ ਨਿਵੇਸ਼ਕਾਂ ਦੀ ਗਿਣਤੀ 8.5 ਕਰੋੜ ਨੂੰ ਪਾਰ ਕਰ ਗਈ ਹੈ ਐਨਐਸਈ ਨੇ 2014 ਤੋਂ 2023 ਤੱਕ ਲਗਾਤਾਰ 10ਵੇਂ ਸਾਲ ਆਪਣੇ ਇਕੁਇਟੀ ਹਿੱਸੇ ਵਿੱਚ ਵਪਾਰ ਕਰਨ ਵਾਲੇ ਗਾਹਕਾਂ ਦੀ ਸੰਖਿਆ ਵਿੱਚ ਸਾਲ-ਦਰ-ਸਾਲ ਵਾਧਾ ਦੇਖਿਆ ਹੈ ।

ਕੋਟਲਾ ਬ੍ਰਾਂਚ ਨਹਿਰ ਦੇ ਕੰਢੇ ਬਣੇ ਨਹਿਰੀ ਰੈਸਟ ਹਾਊਸ ਬਬਨਪੁਰ ਦੀ ਵਿਰਾਸਤੀ ਦਿੱਖ ਛੇਤੀ ਹੀ ਹੋਵੇਗੀ ਬਹਾਲ- ਜਤਿੰਦਰ ਜੋਰਵਾਲ

ਸੰਗਰੂਰ, 20 ਜਨਵਰੀ, (ਅਵਤਾਰ ਛਾਜਲੀ, ਜਸਪਾਲ ਸਿੰਘ ਜਿੰਮੀ ਛਾਜਲੀ) -ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਅਰਾਮ ਘਰਾਂ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆਉਣ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਧੂਰੀ ਦੀ ਕੋਟਲਾ ਬ੍ਰਾਂਚ ਬਬਨਪੁਰ ਨਹਿਰ ਦੇ ਕੰਢੇ ਬਣੇ ਵਿਸ਼ਰਾਮ ਘਰ (ਰੈਸਟ ਹਾਊਸ) ਦਾ ਕਾਇਆ ਕਲਪ ਕਰਨ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਅੱਜ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਸਮੇਤ ਇਸ ਰੈਸਟ ਹਾਊਸ ਦੇ ਨਵੀਨੀਕਰਨ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਰੈਸਟ ਹਾਊਸ ਦੇ ਬਾਹਰੀ ਤੇ ਅੰਦਰੂਨੀ ਹਿੱਸਿਆਂ ਦੀ ਮੁਰੰਮਤ ਦੌਰਾਨ ਵਿਰਾਸਤੀ ਦਿੱਖ ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਨਾ ਪਹੁੰਚਾਏ ਜਾਣ ਦੀ ਹਦਾਇਤ ਕੀਤੀ ਡਿਪਟੀ ਕ

ਦੇਸ਼ ਦੀ ਆਜ਼ਾਦੀ ਲਈ 90% ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨੂੰ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ

ਬਲਾਤਕਾਰੀ ਬਾਬੇ ਨੂੰ ਵਾਰ ਵਾਰ ਪਰੋਲ ਦੇਣ ਦੀ ਨਿਖੇਧੀ

ਜਲੰਧਰ, 20 ਜਨਵਰੀ, (ਜੇ.ਐੱਸ. ਸੋਢੀ)- ਜਿਸ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਫਾਂਸੀ ਦੇ ਰੱਸੇ ਚੁੰਮੇ ਕਾਲੇ ਪਾਣੀ ਦੀਆਂ ਜੇਲਾਂ ਵਿੱਚ ਬੰਦ ਰਹੇ ਉਸ ਦੇਸ਼ ਵਿੱਚ ਸਿੱਖ ਕੌਮ ਨਾਲ ਵਾਰ-ਵਾਰ ਵਿਤਕਰਾ ਕੀਤਾ ਜਾ ਰਿਹਾ ਹੈ, ਦੂਜੇ ਦਰਜੇ ਦੇ ਨਾਗਰਿਕਾਂ ਨਾਲੋਂ ਵੀ ਮਾੜਾ ਸਲੂਕ ਕੀਤਾ ਜਾ ਰਿਹਾ ਹੈ ਸਿੱਖ ਤਾਲਮੇਲ ਕਮੇਟੀ ਦੇ ਆਗੂ ਤਜਿੰਦਰ ਸਿੰਘ ਪਦੇਸੀ, ਹਰਪਾਲ ਸਿੰਘ ਚੱਡਾ, ਹਰਪ੍ਰੀਤ ਸਿੰਘ ਨੀਟੂ, ਗੁਰਵਿੰਦਰ ਸਿੰਘ ਨਾਗੀ, ਹਰਜੋਤ ਸਿੰਘ ਲੱਕੀ, ਹਰਪ੍ਰੀਤ ਸਿੰਘ ਰੋਬਿਨ ਅਤੇ ਗੁਰਦੀਪ ਸਿੰਘ ਲੱਕੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ 32 ਮਹੀਨਿਆਂ ਜਦੋਂ ਤੋਂ ਬਲਾਤਕਾਰੀ ਬਾਬਾ ਸੁਨਾਰੀਆ ਜੇਲ ਰੋਹਤਕ ਵਿੱਚ ਬੰਦ ਹੈ ਨੂੰ 9 ਵਾਰ ਪਰੋਲ ਮਿਲ ਚੁੱਕੀ ਹੈ ,ਜਦ ਕੀ ਪਿਛਲੇ 32-32 ਸਾਲਾਂ ਤੋਂ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਜਿਨਾਂ ਵਿੱਚ ਭਾਈ ਰਾਜੋਵਾਣਾ,ਭਾਈ ਹਵਾਰਾ,ਭਾਈ ਭਿਓਰਾ ਅਤੇ ਭਾਈ ਤਾਰਾ ਸ਼ਾਮਿਲ ਹਨ ਨੂੰ ਕਦੀ ਪੈਰੋਲ ਨਹੀਂ ਦਿੱਤੀ ਗਈ ਇਸ ਤੋਂ ਵੱਡੀ ਬੇਇਨਸਾਫੀ ਹੋਰ ਕੀ ਹੋ ਸਕਦੀ ਹੈ ਪ੍ਰੋਫੈਸਰ ਭੁੱਲਰ ਜੋ ਕੀ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਹਨ ਨੂੰ ਵੀ ਨਹੀਂ ਛੱਡਿਆ ਜਾ ਰਿਹਾ, ਇਹ ਸਭ ਵਰਤਾਰੇ ਸਿੱਖਾਂ ਵਿੱਚ ਬੇਗਾਨਗੀ ਦੀ ਭਾਵਨਾ ਨੂੰ ਹੋਰ ਪ੍ਰਬਲ ਕਰ ਰਹੇ ਹਨ ਜਿਸ ਦੇ ਨਤੀਜੇ ਦੇਸ਼ ਲਈ ਘਾਤਕ ਹੋਣਗੇ ਗੁਰੂ ਨਾਨਕ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰੂਦੁਆਰਾ ਸਾਹਿਬ ਗਿਆਨ ਗੋਦੜੀ ਹਰਿਦੁਆਰ ਸਮੇਤ ਕਈ ਗੁਰੂ ਘਰਾਂ ਨੂੰ ਢਾਹ ਦਿੱਤਾ ਗਿਆ ਹੈ

ਉਹਨਾਂ ਨੂੰ ਦੁਬਾਰਾ ਉਸਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ, ਕੀ ਇਹ ਦੇਸ਼ ਵਿੱਚ ਦੋਹਰੇ ਕਾਨੂੰਨ ਦੀ ਜਿੰਦਾ ਜਾਗਦੀ ਮਿਸਾਲ ਨਹੀਂ ਹੈ ਅਸੀਂ ਸਿੱਖ ਕੌਮ ਦੀ ਸਮੁੱਚੀ ਲੀਡਰਸ਼ਿਪ ਨੂੰ ਵੀ ਕਹਿਣਾ ਚਾਹੁੰਦੇ ਹਾਂ, ਦਿੱਲੀ ਵੱਲ ਝੁਕਣ ਦੀ ਬਜਾਏ ਸ੍ਰੀ ਅਕਾਲ ਤਖਤ ਦੀ ਛਤਰ ਛਾਇਆ ਹੇਠ ਇਕਜੁੱਟ ਹੋ ਕੇ ਵਿੱਚ ਰਹਿਣ ਨਹੀਂ ਤਾਂ ਵੱਖ ਵੱਖ ਗਰੁੱਪਾਂ ਵਿੱਚ ਵੰਡੇ ਹੋਣ ਕਾਰਨ ਅਸੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਾਂਗੇ, ਨਾ ਹੀ ਸਾਡੀ ਕਿਸੇ ਵੀ ਮੰਗ ਨੂੰ ਕੇਂਦਰ ਸਰਕਾਰ ਨਹੀਂ ਮੰਨੇਗੀ ਇਸ ਵਕਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਰਘਬੀਰ ਸਿੰਘ ਨੂੰ ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ ਕਰੜੇ ਸੰਘਰਸ਼ ਦਾ ਐਲਾਨ ਕਰਨਾ ਚਾਹੀਦਾ ਹੈ ਸਮੁੱਚੀ ਸਿੱਖ ਸੰਗਤ ਨੂੰ ਇਕੱਠੇ ਹੋ ਕੇ ਸੰਘਰਸ਼ ਦਾ ਸਾਥ ਦੇਣਾ ਚਾਹੀਦਾ ਹੈ ਇਸ ਮੌਕੇ ਤੇ ਮਨਵਿੰਦਰ ਸਿੰਘ ਭਾਟੀਆ ਹਰਪ੍ਰੀਤ ਸਿੰਘ ਸੌਨੂੰ ਜਤਿੰਦਰ ਸਾਹਨੀ ਵੀ ਮੌਜੂਦ ਸਨ।

ਸ਼੍ਰੀ ਰਾਮ ਮੰਦਰ 'ਚ ਰਾਮ ਲੱਲਾ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਪੂਰੇ ਦੇਸ਼ 'ਚ ਤਿਉਹਾਰ ਵਰਗਾ ਮਾਹੌਲ : ਅਵਿਨਾਸ਼ ਰਾਏ ਖੰਨਾ

ਫੋਟੋ- ਅਜਮੇਰ ਦੀਵਾਨਾ

ਹੁਸ਼ਿਆਰਪੁਰ, 20 ਜਨਵਰੀ (ਤਰਸੇਮ ਦੀਵਾਨਾ)- 22 ਜਨਵਰੀ ਨੂੰ ਅਯੁੱਧਿਆ ਸ਼ਹਿਰ 'ਚ ਬਣੇ ਵਿਸ਼ਾਲ ਸ਼੍ਰੀ ਰਾਮ ਮੰਦਰ 'ਚ ਰਾਮ ਲੱਲਾ ਦਾ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਹੋਣ ਜਾ ਰਿਹਾ ਹੈ ਅਤੇ ਇਸ ਸਬੰਧ 'ਚ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਹਿਮਾਚਲ ਪ੍ਰਦੇਸ਼ ਦੇ ਇੰਚਾਰਜ ਅਵਿਨਾਸ਼ ਰਾਏ ਖੰਨਾ ਨੇ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਹਿਰ ਦੇ ਸਮੂਹ ਸਮੂਹਾਂ ਦੇ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਗਿਆ ਇਸੇ ਲੜੀ ਤਹਿਤ ਖੰਨਾ ਜੀ ਨੇ ਪ੍ਰਸਿੱਧ ਸਮਾਜ ਸੇਵੀ ਅਤੇ ਆਰਥੋਪੈਡਿਕ ਮਾਹਿਰ ਡਾ.ਜਮੀਲ ਬਾਲੀ ਨੂੰ 22 ਜਨਵਰੀ ਨੂੰ ਰਾਮ ਮੰਦਿਰ ਦੇ ਪ੍ਰਕਾਸ਼ ਪੁਰਬ ਲਈ ਸੱਦਾ ਦਿੱਤਾ ਇਸ ਮੌਕੇ ਖੰਨਾ ਨੇ ਕਿਹਾ ਕਿ ਸ਼੍ਰੀ ਰਾਮ ਮੰਦਰ ਦੇਸ਼-ਵਿਦੇਸ਼ ਦੇ ਭਾਰਤੀਆਂ ਦੀ ਆਸਥਾ ਦਾ ਕੇਂਦਰ ਹੈ ਅਤੇ ਇਸ ਖੁਸ਼ੀ ਦੇ ਮੌਕੇ 'ਤੇ ਸਾਰੇ ਭਾਰਤੀਆਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਆਪਸੀ ਭਾਈਚਾਰੇ ਦੀ ਮਿਸਾਲ ਦਿੰਦੇ ਹੋਏ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ ? . ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿੱਚ ਡਾ: ਜਮੀਲ ਬਾਲੀ ਆਪਸੀ ਸਦਭਾਵਨਾ ਅਤੇ ਭਾਈਚਾਰੇ ਲਈ ਵਿਸ਼ੇਸ਼ ਕੰਮ ਕਰਦੇ ਹਨ ਅਤੇ ਉਨ੍ਹਾਂ ਵੱਲੋਂ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕੀਤਾ ਜਾਂਦਾ ਹੈ ਇਸ ਮੌਕੇ ਡਾ: ਬਾਲੀ ਨੇ ਇਸ ਸੱਦੇ ਨੂੰ ਬੜੀ ਸ਼ਰਧਾ ਨਾਲ ਪ੍ਰਵਾਨ ਕਰਦਿਆਂ ਕਿਹਾ ਕਿ ਭਾਰਤੀ ਸੰਸਕ੍ਰਿਤੀ ਦੀ ਖੂਬਸੂਰਤੀ ਇਸ ਗੱਲ ਵਿੱਚ ਹੈ ਕਿ ਅਸੀਂ ਹਰ ਤਿਉਹਾਰ ਅਤੇ ਜਸ਼ਨ ਅਤੇ ਖੁਸ਼ੀ ਨੂੰ ਇੱਕ ਦੂਜੇ ਨਾਲ ਸਾਂਝਾ ਕਰਕੇ ਮਨਾਉਂਦੇ ਹਾਂ ਉਨ੍ਹਾਂ ਨੇ ਸ਼੍ਰੀ ਰਾਮ ਮੰਦਿਰ ਦੇ ਨਿਰਮਾਣ ਅਤੇ ਰਾਮ ਲਾਲਾ ਦੀ ਮੂਰਤੀ ਦੀ ਸਥਾਪਨਾ ਦੀ ਵਧਾਈ ਦਿੱਤੀ ਇਸ ਮੌਕੇ ਭਾਜਪਾ ਸਪੋਰਟਸ ਸੈੱਲ ਪੰਜਾਬ ਦੇ ਪ੍ਰਧਾਨ ਡਾ: ਰਮਨ ਘਈ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਕੌਮੀ ਇਨਸਾਫ ਮੋਰਚੇ ਵੱਲੋਂ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ 3 ਘੰਟੇ ਧਰਨਾ ਲਗਾਕੇ ਜੀਦਾ ਟੋਲ ਪਲਾਜ਼ਾ ਫਰੀ ਕਰਵਾਇਆ

ਜੈਤੋ, 20 ਜਨਵਰੀ, (ਅਸ਼ੋਕ ਧੀਰ)- ਅੱਜ ਮਿਤੀ 20 ਜਨਵਰੀ ਨੂੰ ਕੌਮੀ ਇਨਸਾਫ ਮੋਰਚੇ ਦੀ ਕਾਲ ਤੇ ਜੀਦਾ ਟੋਲ ਪਲਾਜਾ 11 ਵਜੇ ਤੋਂ 2 ਵਜੇ ਤੱਕ ਰਾਹਗੀਰਾਂ ਲਈ ਟੋਲ ਫਰੀ ਕਰਵਾਇਆ ਗਿਆ ਉਸ ਸਮੇਂ ਹਾਜਰ ਕੌਮੀ ਇਨਸਾਫ ਮੋਰਚੇ ਦੇ ਮੈਂਬਰ ਗੁਰਦੀਪ ਸਿੰਘ ਬਠਿੰਡਾ , ਕਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜਿਲਾ ਫਰੀਦਕੋਟ ਦੇ ਸੀਨੀਅਰ ਮੀਤ ਪ੍ਰਧਾਨ ਇਕਬਾਲ ਸਿੰਘ ਬਿਸ਼ਨੰਦੀ ਅਤੇ ਲੋਕ ਸੰਘਰਸ਼ ਹਜੂਮ ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਅਜਿੱਤ ਗਿੱਲ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਸਾਰੇ ਪੰਜਾਬ ਵਿੱਚ ਕੌਮੀ ਇਨਸਾਫ ਮੋਰਚੇ ਅਤੇ ਕਿਸਾਨ ਜਥੇਬੰਦੀਆਂ , ਸਿੱਖ ਸੰਸਥਾਵਾਂ ਵੱਲੋਂ ਸਾਰੇ ਟੂਲ ਪਲਾਜੇ 3 ਘੰਟੇ ਲਈ ਫਰੀ ਕੀਤੇ ਗਏ ਹਨ ਇਹ ਸਜਾ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਨਾ ਕਰਨ ਦੇ ਰੋਸ ਵਜੋਂ ਫਰੀ ਕੀਤੇ ਗਏ ਤਾਂ ਜੋ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਸਜਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਜਲਦ ਤੋਂ ਜਲਦ ਰਿਹਾ ਕਰੇ , ਉਸ ਸਮੇਂ ਸ਼ਾਮਿਲ ਸੁਰਜੀਤ ਸਿੰਘ ਖੇਮੂਆਣਾ , ਸੁਖਬੀਰ ਸਿੰਘ , ਹਰਮੰਦਰਨ ਸਿੰਘ ਮੈ,ਜਸਵੀਰ ਸਿੰਘ , ਗੁਰਸੇਵਕ ਸਿੰਘ ਜਲੌਰ ਸਿੰਘ , ਬੇਅੰਤ ਸਿੰਘ , ਗੁਰਦੇਵ ਸਿੰਘ ,ਕਰਮਾ ਸਿੰਘ , ਸੁਖਦੇਵ ਸਿੰਘ , ਹਾਕਮ ਸਿੰਘ , ਜਲੌਰ ਸਿੰਘ ,ਰਵੀ ਸਿੰਘ , ਬੰਤ ਸਿੰਘ , ਬੁਟਾ ਸਿੰਘ , ਨੌਨੀ ਸਿੰਘ ,ਗੁਲਰਾਜ ਸਿੰਘ , ਕਾਲਾ ਸਿੰਘ , ਹਰਦੀਪ ਸਿੰਘ , ਗੁਰਸੇਵਕ ਸਿੰਘ ,ਅਕਬਾਲ ਸਿੰਘ , ਭੋਲਾ ਸਿੰਘ , ਪ੍ਰੀਤਮ ਸਿੰਘ , ਬਲੌਰਾ ਸਿੰਘ ,ਹਰਪਾਲ ਸਿੰਘ , ਗੁਰਦਿੱਤ ਸਿੰਘ ਜਿਲਾ ਪ੍ਰਧਾਨ ਬਠਿੰਡਾ , ਲਖਵੀਰ ਸਿੰਘ , ਭੁਪਿੰਦਰ ਸਿੰਘ ਮਹਿਲਕ , ਰਾਜੂ ਪ੍ਰਧਾਨ ਕੋਟਕਪੂਰਾ , ਯਾਦਵਿੰਦਰ ਸਿੰਘ ਸਿਵੀਆਂ , ਬਾਬਾ ਚਮਕੌਰ ਸਿੰਘ ਬਾਈ ਰੂਪਾ , ਭਾਈ ਜਸਵਿੰਦਰ ਸਿੰਘ ਘੋਲੀਆ , ਬਾਬਾ ਮਨਪਰੀਤ ਸਿੰਘ ਫਰੀਦਕੋਟ ,ਭਾਈ ਸੁਰਜੀਤ ਸਿੰਘ , ਭਾਈ ਨਛੱਤਰ ਸਿੰਘ , ਭਾਈ ਭਜਨ ਸਿੰਘ , ਮਜਦੂਰ ਆਗੂ ਅੰਗਰੇਜ ਸਿੰਘ ਗੌਰਾ ਅਤੇ ਹੋਰ ਬਹੁਤ ਸਾਰੇ ਸਿੱਖ ਆਗੂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਮੌਜੂਦ ਸਨ।

ਗੁਰੂ ਗੋਬਿੰਦ ਸਿੰਘ ਸੇਵਾ ਸੁਸਾਇਟੀ ਦੀ ਯਾਤਰਾ ਸੰਬੰਧੀ ਮੀਟਿੰਗ ਹੋਈ

ਲੁਧਿਆਣਾ, 20 ਜਨਵਰੀ, (ਕਰਨੈਲ ਸਿੰਘ ਐੱਮ.ਏ.)- ਗੁਰੂ ਨਾਨਕ ਨਗਰ, ਭਾਮੀਆਂ ਰੋਡ ਵਿਖੇ ਗੁਰਦੀਪ ਸਿੰਘ ਢੀਂਗਰਾ ਦੇ ਘਰ 18 ਫ਼ਰਵਰੀ ਦਿਨ ਐਤਵਾਰ ਨੂੰ ਸ਼੍ਰੀ ਅਨੰਦਪੁਰ ਸਾਹਿਬ ਜੀ ਦੀ ਯਾਤਰਾ ਨੂੰ ਲੈ ਕੇ ਜਾਣ ਦੇ ਸੰਬੰਧ ਵਿੱਚ ਕੀਤੀ ਗਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਯਾਤਰਾ ਭੇਟਾ ਰਹਿਤ ਹੋਵੇਗੀ ਬੱਸ ਦਾ ਕਿਰਾਇਆ ਕਿਸੇ ਸਵਾਰੀ ਤੋਂ ਨਹੀਂ ਲਿਆ ਜਾਵੇਗਾ ਬੱਸ ਸਵੇਰੇ 7 ਵਜੇ ਚੱਲੇਗੀ ਜੋ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਸਾਹਿਬ , ਸ੍ਰੀ ਚਮਕੌਰ ਸਾਹਿਬ, ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਹੁੰਦੀ ਹੋਈ ਅਨੰਦਪੁਰ ਸਾਹਿਬ ਪਹੁੰਚੇਗੀ ਅਤੇ ਵਾਪਸੀ ਸ਼ਾਮ 8 ਵਜੇ ਹੋਵੇਗੀ ਸੀਟ ਪਹਿਲਾਂ ਆਉ ਪਹਿਲਾਂ ਪਾਉ ਦੇ ਅਧਾਰ ਤੇ ਹੋਵੇਗੀ ਪ੍ਰੈਸ ਨੂੰ ਇਹ ਜਾਣਕਾਰੀ ਡਾਕਟਰ ਅੰਮ੍ਰਿਤਪਾਲ ਸਿੰਘ ਜੀ ਨੇ ਦਿੱਤੀ।

ਹਲਕਾ ਪੂਰਬੀ ਦੇ ਵਾਰਡ ਨੰਬਰ 4 ਦੇ ਬਸੰਤ ਵਿਹਾਰ ਦੀਆਂ ਪਾਰਕਾਂ ਦਾ ਹੋਵੇਗਾ ਨਵੀਨੀਕਰਨ - ਵਿਧਾਇਕ ਗਰੇਵਾਲ

ਫੋਟੋ-ਅਮਰੀਕ ਸਿੰਘ ਪ੍ਰਿੰਸ

ਲੁਧਿਆਣਾ, 20 ਜਨਵਰੀ (ਕੁਲਵਿੰਦਰ ਸਿੰਘ ਸਲੇਮ ਟਾਬਰੀ) ਵਿਧਾਨ ਸਭਾ ਹਲਕਾ ਪੂਰਵੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਅੱਜ ਵਾਰਡ ਨੰਬਰ 4 ਦੇ ਬਸੰਤ ਵਿਹਾਰ ਵਿਖੇ 10.50 ਲੱਖ ਰੁਪਏ ਦੀ ਲਾਗਤ ਨਾਲ ਪਾਰਕਾਂ ਚ ਹੋਣ ਵਾਲੇ ਕੰਮਾਂ ਦਾ ਉਦਘਾਟਨ ਕੀਤਾ ਗਿਆ ਇਸ ਮੌਕੇ ਤੇ ਗੱਲਬਾਤ ਕਰਦਿਆਂ ਵਿਧਾਇਕ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਫ੍ਰੀ ਦਵਾਈ ਪੜ੍ਹਾਈ ਦੇ ਨਾਲ ਨਾਲ ਹਰ ਤਰ੍ਹਾਂ ਦੀਆਂ ਮੁੱਢਲੀਆਂ ਸਹੂਲਤਾਂ ਮੁਹਈਆ ਕਰਾਉਣ ਤੋਂ ਇਲਾਵਾ ਸੂਬੇ ਅੰਦਰ ਸਰਵ ਪੱਖੀ ਵਿਕਾਸ ਕਰਵਾਉਣਾ ਹੈ ਉਹਨਾਂ ਕਿਹਾ ਕਿ ਹਲਕਾ ਪੂਰਵੀ ਅੰਦਰ ਜੋ ਵਿਕਾਸ ਦੀ ਗੱਲ ਕਰੀਏ ਤਾਂ ਹਲਕੇ ਅੰਦਰ ਰਿਕਾਰਡ ਤੋੜ ਵਿਕਾਸ ਕਾਰਜ ਜੋ ਪਹਿਲਾਂ ਹੀ ਸ਼ੁਰੂ ਕਰਵਾ ਦਿੱਤੇ ਗਏ ਹਨ ਅਤੇ ਜ਼ਿਆਦਾਤਰ ਮੁਕੰਮਲ ਹੋਣ ਦੀ ਕਤਾਰ ਚ ਹਨ ਅਤੇ ਬਾਕੀ ਰਹਿਦੇ ਵਿਕਾਸ ਕਾਰਜ ਜਿਨਾਂ ਨੂੰ ਜਲਦ ਹੀ ਸ਼ੁਰੂ ਕਰਵਾ ਕੇ ਮੁਕੰਮਲ ਕਰ ਲਿਆ ਜਾਵੇਗਾ ਉਹਨਾਂ ਕਿਹਾ ਕਿ ਇਸੇ ਹੀ ਲੜੀ ਤਹਿਤ ਅੱਜ ਵਾਰਡ ਨੰਬਰ ਚਾਰ ਦੇ ਮੁਹੱਲਾ ਬਸੰਤ ਵਿਹਾਰ ਦੇ ਪਾਰਕਾਂ ਦੇ ਹੋਣ ਜਾ ਰਹੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਦੇ ਕਰੀਬ 10.50 ਲੱਖ ਰੁਪਏ ਦੀ ਲਾਗਤ ਆਵੇਗੀ , ਇਹਨਾਂ ਕੰਮਾਂ ਦੇ ਮੁਕੰਮਲ ਹੋਣ ਨਾਲ ਜਿੱਥੇ ਇਲਾਕਾ ਵਾਸੀਆਂ ਨੂੰ ਸੈਰ ਸਪਾਟੇ ਲਈ ਇੱਕ ਵਧੀਆ ਪਾਰਕ ਮਿਲੇਗਾ, ਉਥੇ ਹੀ ਬੱਚਿਆਂ ਦੇ ਖੇਡਣ ਲਈ ਵੀ ਹਰ ਤਰ੍ਹਾਂ ਦੇ ਇੰਤਜਾਮ ਕੀਤੇ ਜਾਣਗੇ ਵਿਧਾਇਕ ਗਰੇਵਾਲ ਨੇ ਕਿਹਾ ਕਿ ਹਲਕਾ ਪੂਰਵੀ ਅੰਦਰ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਵੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਉਹਨਾਂ ਕਿਹਾ ਕਿ ਹਲਕਾ ਪੂਰਵੀ ਅੰਦਰ ਵਿਕਾਸ ਕਰਵਾ ਹਲਕੇ ਦੀ ਨੁਹਾਰ ਬਦਲਾਂਗੇ ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਵੀ ਹਾਜ਼ਰ ਸਨ।

ਸਵੱਪਨਦੀਪ ਕੌਰ ਨੇ ਬਤੌਰ ਤਹਿਸੀਲਦਾਰ ਫਿਲੌਰ ਦਾ ਚਾਰਜ ਸੰਭਾਲਿਆ

ਫਿਲੌਰ, 20 ਜਨਵਰੀ, (ਹੈਰੀ)- ਬੀਤੇ ਕੁੱਝ ਸਮੇਂ ਤੋਂ ਤਹਿਸੀਲ ਫਿਲੌਰ ਵਿਖੇ ਤਹਿਸੀਲਦਾਰ ਨਾ ਹੋਣ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅੱਜ ਮੈਡਮ? ਸਵੱਪਨਦੀਪ ਕੌਰ ਵੱਲੋਂ ਬਤੌਰ ਤਹਿਸੀਲਦਾਰ ਫਿਲੌਰ ਵੱਜੋਂ ਅਹੁਦਾ ਸੰਭਾਲਿਆ ਗਿਆ ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋਂ ਵੀ ਤਹਿਸੀਲ ਪੱਧਰ ਦੇ ਕੰਮ ਹਨ ਉਨ੍ਹਾਂ ਨੂੰ ਪਾਰਦਰਸ਼ੀ ਢੰਗ ਨਾਲ ਕੀਤੇ ਜਾਣਗੇ ਉਨ੍ਹਾਂ ਕਿਹਾ ਕਿ ਅਗਰ ਕੰਮ ਸਬੰਧੀ ਕਿਸੇ ਨੂੰ ਕੋਈ ਵੀ ਮੁਸ਼ਕਲ ਆਉਂਦੀ ਹੈ ਉਹ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

ਦਿੱਲੀ ਵਿਖੇ 13 ਫਰਵਰੀ ਨੂੰ ਪੱਕਾ ਕਿਸਾਨ ਮੋਰਚੇ ਦੇ ਸੰਬੰਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਪਿੰਡਾਂ ਸ਼ਹਿਰਾਂ ਜਾਗਰੂਕਤਾ ਰੈਲੀਆਂ ਦਾ ਆਗਾਜ਼- ਰਾਜ ਸਿੰਘ ਥੇੜੀ

ਮੂਨਕ, 20 ਜਨਵਰੀ, (ਮਨਜੀਤ ਕੌਰ ਛਾਜਲੀ/ਪ੍ਰਤਾਪ ਸਿੰਘ ਖੁਰਾਣਾ) ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਅਜਾਦ ਵੱਲੋਂ ਵਿਸ਼ੇਸ਼ ਰੈਲੀ ਪਿੰਡ ਗਦੜਿਆਣੀ ਵਿਖੇ ਕਰਵਾਈ ਜਿਸ ਵਿੱਚ ਜਿਲਾ ਆਗੂ ਜਸਵੀਰ ਸਿੰਘ ਮੈਦੇਵਾਸ ,ਸੰਤ ਰਾਮ ਸਿੰਘ ਛਾਜਲੀ,ਸੁਖਦੇਵ ਸ਼ਰਮਾ ਭੂਟਾਲ,ਰਾਜ ਸਿੰਘ ਥੇੜੀ ਵਿਸ਼ੇਸ਼ ਤੋਰ ਤੇ ਪਹੁੰਚੇ ਇਸ ਦੋਰਾਨ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਆਉਣ ਵਾਲੀ 13 ਫਰਵਰੀ ਨੂੰ ਦਿੱਲੀ ਅੰਦੋਲਨ ਦਾ ਐਲਾਨ ਹੋ ਚੁੱਕਾ ਹੈ,ਉਸ ਅੰਦੋਲਨ ਦੀ ਤਿਆਰੀ ਵਜੋਂ ਪਿੰਡਾਂ ਵਿੱਚ ਰੈਲੀਆਂ ਕਰਵਾਈਆਂ ਜਾ ਰਹੀਆਂ ਹਨ ਕਿਉਕਿ ਦਿੱਲੀ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਵਿੱਚ ਆਨਾਕਾਰੀ ਕਰ ਰਹੀ ਹੈ ਕਿਸਾਨੀ ਸਬੰਧੀ ਮੰਗਾਂ ਜਿਵੇਂ ਕਿ ਸਾਰੀਆਂ ਫਸਲਾਂ ਤੇ ਐਮ.ਐਸ.ਪੀ ਲਾਗੂ ਕਰਵਾਉਣੀ,ਬਿਜਲੀ ਸੋਧ ਬਿੱਲ 2020 ਰੱਦ ਕਰਵਾਉਣਾ,ਕਿਸਾਨਾਂ ਤੇ ਪਾਏ